ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ ***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 19
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Monday, 19 January, 2026) ਸੋਮਵਾਰ, 19 ਜਨਵਰੀ, 2026, 6 ਮਾਘ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


### ਸੜਕ ਹਾਦਸੇ 'ਚ ਸਾਬਕਾ ਉਪ ਰਾਸ਼ਟਰਪਤੀ ਦੇ ਕਾਫ਼ਲੇ ਦੀ ਗੱਡੀ ਟਕਰਾਈ

ਨੂੰਹ, 18 ਜਨਵਰੀ (ਚੜ੍ਹਦੀਕਲਾ ਬਿਊਰੋ) : ਜ਼ਿਲ੍ਹੇ ਵਿੱਚ ਦਿੱਲੀ-ਮੁੰਬਈ ਐਕਸਪ੍ਰੈਸਵੇਅ 'ਤੇ ਥਾਣਾ ਪਿੰਨਗਵਾ ਖੇਤਰ ਦੇ ਅਧੀਨ ਪੈਂਦੇ ਪਿੰਡ ਰਿਠਠ ਦੇ ਨੇੜੇ ਚੈਨਲ ਨੰਬਰ 41.100 ਤੇ ਇੱਕ ਵੱਡਾ ਸੜਕ ਹਾਦਸਾ ਵਾਪਰ ਗਿਆ। ਇਸ ਹਾਦਸੇ ਦੀ ਲਪੇਟ ਵਿੱਚ ਸਾਬਕਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਦੇ ਕਾਫਲੇ ਦੀ ਇੱਕ ਐਸਕੋਰਟ ਗੱਡੀ ਵੀ ਆ ਗਈ, ਹਾਲਾਂਕਿ ਕਿਸੇ ਨੂੰ ਵੀ ਗੰਭੀਰ ਸੱਟ ਨਹੀਂ ਲੱਗੀ। ਜਾਣਕਾਰੀ ਅਨੁਸਾਰ ਦਿੱਲੀ ਤੋਂ ਜੈਪੁਰ ਵੱਲ ਜਾ ਰਹੀ ਇੱਕ ਗੱਡੀ, ਜੋ ਐਕਸਪ੍ਰੈਸਵੇਅ ਦੀ ਪਹਿਲੀ ਲੇਨ ਵਿੱਚ ਚੱਲ ਰਹੀ ਸੀ,

(ਬਾਕੀ ਸਫਾ 2 'ਤੇ)

*ਪੀ.ਐੱਮ. ਵੱਲੋਂ ਜਨ ਸਭਾ ਨੂੰ ਸੰਬੋਧਨ*

## ਭਾਜਪਾ ਬਣੀ ਲੋਕਾਂ ਦੀ ਪਹਿਲੀ ਪਸੰਦ, ਵਿਕਾਸ ਚਾਹੁੰਦੈ ਦੇਸ਼ ਦਾ ਵੋਟਰ: ਮੋਦੀ



ਚੜ੍ਹਦੀਕਲਾ ਬਿਊਰੋ
================

ਕਲਿਆਬੋਰ (ਆਸਾਮ), 18 ਜਨਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਕਾਂਗਰਸ 'ਤੇ ਦੋਸ਼ ਲਗਾਇਆ ਕਿ ਉਸ ਨੇ ਪੂਰਬ-ਉਤਰੀ ਸੂਬੇ ਆਸਾਮ 'ਚ ਆਪਣੇ ਸ਼ਾਸਨਕਾਲ ਦੌਰਾਨ ਵੋਟ ਲਈ ਘੁਸਪੈਠੀਆਂ ਨੂੰ ਜ਼ਮੀਨ ਸੌਂਪ ਦਿੱਤੀ। ਪੀ.ਐੱਮ. ਮੋਦੀ ਨੇ ਇੱਥੇ ਇਕ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਦੋਸ਼ ਲਗਾਇਆ ਕਿ ਆਸਾਮ ਚ ਕਾਂਗਰਸ ਸ਼ਾਸਨ ਦੌਰਾਨ ਦਹਾਕਿਆਂ ਤੱਕ ਘੁਸਪੈਠ ਵਧਦੀ ਰਹੀ ਅਤੇ ਗੈਰ-ਪ੍ਰਵਾਸੀ ਜੰਗਲਾਂ, ਜਾਨਵਰਾਂ ਦੇ ਗਲਿਆਰਿਆਂ ਅਤੇ ਰਵਾਇਤੀ ਸੰਸਥਾਵਾਂ ਤੇ ਕਬਜ਼ਾ ਕਰਦੇ ਰਹੇ। ਉਨ੍ਹਾਂ ਕਿਹਾ,ਭਾਜਪਾ ਸਰਕਾਰ ਕਬਜ਼ਾ ਕਰਨ ਵਾਲੇ ਘੁਸਪੈਠੀਆਂ ਨੂੰ ਬਾਹਰ ਕੱਢ ਕੇ ਆਸਾਮ ਦੀ ਪਛਾਣ ਅਤੇ ਸੰਸਕ੍ਰਿਤੀ ਦੀ ਰੱਖਿਆ ਕਰ ਰਹੀ ਹੈ।

(ਬਾਕੀ ਸਫਾ 2 'ਤੇ)

### ਪ੍ਰਧਾਨ ਮੰਤਰੀ ਵੱਲੋਂ ਕਾਜ਼ੀਰੰਗਾ ਕੋਰੀਡੋਰ ਦਾ ਨੀਂਹ ਪੱਥਰ

ਨਗਾਓਂ, 18 ਜਨਵਰੀ (ਚੜ੍ਹਦੀਕਲਾ ਬਿਊਰੋ) :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਆਸਾਮ ਦੇ ਨਗਾਓਂ ਜ਼ਿਲ੍ਹੇ ਚ 6,957 ਕਰੋੜ ਰੁਪਏ ਦੀ ਲਾਗਤ ਵਾਲੇ ਕਾਜ਼ੀਰੰਗਾ ਐਲੀਵੇਟਿਡ ਕੋਰੀਡੋਰ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ ਅਤੇ 2 ਅੰਮ੍ਰਿਤ ਭਾਰਤ ਐਕਸਪ੍ਰੈੱਸ ਟਰੇਨਾਂ ਨੂੰ ਡਿਜੀਟਲ ਮਾਧਿਅਮ ਰਾਹੀਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਆਸਾਮ ਦੀ ਆਪਣੀ ਦੋ ਦਿਨਾਂ ਯਾਤਰਾ ਦੇ ਅੰਤਿਮ ਪੜਾਅ ਦੌਰਾਨ ਪ੍ਰਧਾਨ ਮੰਤਰੀ ਨੇ ਇਸ ਮਹੱਤਵਪੂਰਨ ਪ੍ਰਾਜੈਕਟ ਦੇ ਭੂਮੀ ਪੂਜਨ 'ਚ ਹਿੱਸਾ ਲਿਆ ਅਤੇ ਕੋਰੀਡੋਰ ਦੇ ਇਕ ਮਾਡਲ ਦਾ ਨਿਰੀਖਣ ਵੀ ਕੀਤਾ। ਇਹ ਕੋਰੀਡੋਰ ਕਾਜ਼ੀਰੰਗਾ ਨੈਸ਼ਨਲ ਪਾਰਕ ਅਤੇ ਟਾਈਗਰ ਰਿਜ਼ਰਵ ਦੇ ਨੇੜੇ ਜੰਗਲੀ ਜੀਵਾਂ ਦੀ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਬਣਾਇਆ ਜਾ ਰਿਹਾ ਹੈ।

(ਬਾਕੀ ਸਫਾ 2 'ਤੇ)

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰੂ ਸਾਹਿਬਾਨ ਦੀ ਥਾਂ ਸੁਖਬੀਰ ਬਾਦਲ ਦੇ ਬਣੇ ਹੋਏ ਨੇ ਸਿਪਾਹੀ ਜੋ ਪੰਥ ਲਈ ਬਹੁਤ ਮੰਦਭਾਗਾ: ਮਾਨ



ਚੜ੍ਹਦੀਕਲਾ ਬਿਊਰੋ
================

ਮਜੀਠਾ (ਅੰਮ੍ਰਿਤਸਰ), 18 ਜਨਵਰੀ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ ਮਜੀਠਾ ਵਿਖੇ ਸੂਬਾ ਪੱਧਰੀ ਸਮਾਗਮ ਦੌਰਾਨ 23 ਪੇਂਡੂ ਲਿੰਕ ਸੜਕਾਂ ਦਾ ਨੀਂਹ ਪੱਥਰ ਰੱਖਦਿਆਂ ਐਲਾਨ ਕੀਤਾ ਕਿ ਪੰਜਾਬ ਵਿੱਚ ਖੌਫ ਦਾ ਦੌਰ, 'ਪਰਚੀ ਦਾ ਦੌਰ' (ਜਬਰੀ ਵਸੂਲੀ) ਅਤੇ ਅਕਾਲੀਆਂ ਦੀ ਧੱਕੇਸਾਹੀ ਦਾ ਦੌਰ ਖਤਮ ਹੋ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ ਡਰਾਉਣ-ਧਮਕਾਉਣ ਵਾਲੀ ਸਿਆਸਤ ਨੂੰ ਪੂਰੀ ਤਰ੍ਹਾਂ ਨਾਕਾਰ ਦਿੱਤਾ ਹੈ ਅਤੇ ਵਿਕਾਸ, ਜਵਾਬਦੇਹੀ 'ਤੇ ਲੋਕ ਭਲਾਈ 'ਤੇ ਕੇਂਦਰਿਤ ਮਾਡਲ ਨੂੰ ਅਪਣਾਇਆ ਹੈ।

ਮੁੱਖ ਮੰਤਰੀ ਨੇ ਚੇਤਾਵਨੀ ਦਿੱਤੀ ਕਿ ਅਕਾਲੀਆਂ ਦੀ ਸੱਤਾ ਵਿੱਚ ਵਾਪਸੀ ਦਾ ਭਾਵ ਬੇਅਦਬੀਆਂ ਅਤੇ ਨਿਰਦੋਸ਼ ਲੋਕਾਂ 'ਤੇ ਗੋਲੀਬਾਰੀ ਵੱਲ ਵਾਪਸੀ ਹੋਵੇਗਾ। ਉਨ੍ਹਾਂ ਨੇ ਜਲ੍ਹਿਆਂਵਾਲਾ ਬਾਗ ਕਤਲੇਆਮ ਤੋਂ ਬਾਅਦ ਜਨਰਲ ਡਾਇਰ ਨੂੰ ਰਾਤ ਦੇ ਖਾਣੇ ਦੀ ਮੇਜ਼ਬਾਨੀ ਨੂੰ ਸੂਬੇ ਪ੍ਰਤੀ ਵਿਸ਼ਵਾਸਘਾਤ ਦੱਸਿਆ ਜੋ ਪੰਜਾਬ ਦੇ ਲੋਕ ਕਦੇ ਨਹੀਂ ਭੁੱਲਣਗੇ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਧਾਰਮਿਕ ਸੰਸਥਾਵਾਂ ਨੂੰ ਗੁਰੂ ਸਾਹਿਬ ਦੀ ਸੇਵਾ ਕਰਨੀ ਚਾਹੀਦੀ ਹੈ, ਨਾ ਕਿ ਕਿਸੇ ਸਿਆਸੀ ਪਰਿਵਾਰਾਂ ਦਾ ਪੱਖ ਪੂਰਨਾ ਚਾਹੀਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੁਫਤ ਬਿਜਲੀ, ਸੜਕਾਂ ਦਾ ਨਵੀਨੀਕਰਨ ਅਤੇ ਲੋਕ ਪੱਖੀ ਪ੍ਰਸਾਸਨ ਨੇ ਸੌੜੀ ਰਾਜਨੀਤੀ ਦੀ ਥਾਂ ਲੈ ਲਈ ਹੈ, ਜਿਸ ਨਾਲ ਮਜੀਠੀਆ ਵਿੱਚ 11.32 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟਾਂ ਨਾਲ ਵਿਕਾਸ ਦੇ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਹੋਈ ਹੈ।

ਮਜੀਠਾ ਵਿੱਚ 23 ਨਵੀਆਂ ਪੇਂਡੂ ਲਿੰਕ ਸੜਕਾਂ ਦਾ ਨੀਂਹ ਪੱਥਰ ਰੱਖਣ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪਹਿਲਾਂ, ਇਹ ਇਲਾਕਾ ਲਗਾਤਾਰ ਡਰ ਹੇਠ ਰਹਿੰਦਾ ਸੀ। ਇਸ ਖੇਤਰ ਦੇ ਖੁਦ ਨੂੰ 'ਜਰਨੈਲ' ਦੱਸਣ ਵਾਲੇ ਵਿਅਕਤੀ ਨੇ ਆਮ ਲੋਕਾਂ ਵਿਰੁੱਧ ਝੂਠੇ ਕੇਸਾਂ ਨੂੰ ਹਥਿਆਰ ਵਜੋਂ ਵਰਤਿਆ। ਕਾਂਗਰਸ ਅਤੇ ਅਕਾਲੀ, ਦੋਵਾਂ ਸਰਕਾਰਾਂ ਦੀ ਆਪਸੀ ਮਿਲੀਭੁਗਤ ਨਾਲ ਦਹਿਸ਼ਤ ਭਰੇ ਰਾਜ ਦੀ ਸ਼ੁਰੂਆਤ ਹੋਈ ਅਤੇ ਲੋਕ ਸਰਕਾਰ ਖਿਲਾਫ ਬੋਲਣ ਤੋਂ ਡਰਦੇ ਸਨ।" ਉਨ੍ਹਾਂ

(ਬਾਕੀ ਸਫਾ 2 'ਤੇ)

### ਮਜੀਠਾ ਹਲਕੇ ਤੋਂ ਤਲਬੀਰ ਗਿੱਲ ਹੋਣਗੇ 'ਆਪ' ਦੇ ਉਮੀਦਵਾਰ

ਚੰਡੀਗੜ੍ਹ, 18 ਜਨਵਰੀ (ਚੜ੍ਹਦੀਕਲਾ ਬਿਊਰੋ) : ਆਮ ਆਦਮੀ ਪਾਰਟੀ ਦੇ ਤਲਬੀਰ ਸਿੰਘ ਗਿੱਲ ਅਗਾਮੀ ਵਿਧਾਨ ਸਭਾ ਚੋਣਾਂ ਲਈ ਹਲਕਾ ਮਜੀਠਾ ਤੋਂ 'ਆਪ' ਦੇ ਉਮੀਦਵਾਰ ਹੋਣਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਮਜੀਠਾ 'ਚ ਸਮਾਗਮਾਂ ਦੌਰਾਨ ਅਸਿੱਧੇ ਤਰੀਕੇ ਨਾਲ ਤਲਬੀਰ ਸਿੰਘ ਗਿੱਲ ਨੂੰ ਪਾਰਟੀ ਦਾ ਅਗਾਮੀ ਅਸੈਂਬਲੀ ਚੋਣਾਂ ਲਈ ਉਮੀਦਵਾਰ ਐਲਾਨਿਆ। ਆਮ ਆਦਮੀ ਪਾਰਟੀ ਨੇ ਜੁਲਾਈ, 2025 'ਚ ਤਲਬੀਰ ਸਿੰਘ ਗਿੱਲ ਨੂੰ ਹਲਕਾ ਮਜੀਠਾ ਦਾ ਇੰਚਾਰਜ ਲਗਾਇਆ ਸੀ। ਤਲਬੀਰ ਸਿੰਘ ਗਿੱਲ ਸਾਬਕਾ ਅਕਾਲੀ ਵਿਧਾਇਕ ਬਿਕਰਮ ਸਿੰਘ ਮਜੀਠੀਆ ਦੇ ਕਰੀਬੀ ਰਹੇ ਹਨ ਅਤੇ ਗਿੱਲ ਨੇ ਅੰਮ੍ਰਿਤਸਰ ਦੱਖਣੀ

(ਬਾਕੀ ਸਫਾ 2 'ਤੇ)

## ਸੂਬੇ 'ਚ ਨਸ਼ਿਆਂ ਤੇ ਗੈਂਗਸਟਰਾਂ ਕਾਰਨ ਦੋਹਰੀ ਚੁਣੌਤੀ: ਕਟਾਰੀਆ

ਚੜ੍ਹਦੀਕਲਾ ਬਿਊਰੋ
================

ਮੋਗਾ, 18 ਜਨਵਰੀ : ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਨੂੰ ਮੁੜ ਰੰਗਲਾ ਬਣਾਉਣ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਦੇ ਸਮਰਥਨ ਦਾ ਸੱਦਾ ਦਿੰਦਿਆਂ ਆਖਿਆ ਕਿ ਨਸ਼ੇ ਤੇ ਗੈਂਗਸਟਰ ਦੋਹਰੀ ਚਣੌਤੀ ਹਨ। ਇਸ ਮੌਕੇ ਕਿਸਾਨਾਂ ਨੇ ਕੌਮੀ ਸੜਕੀ ਆਵਾਜਾਈ ਪ੍ਰੋਜੈਕਟਾਂ ਤਹਿਤ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਐਕੁਆਇਰ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਦੇਸ਼ ਦੇ ਕਿਸੇ ਵੀ ਸੂਬੇ ਵਿਚ ਜ਼ਮੀਨ ਖਰੀਦ ਕਰਨ



(ਬਾਕੀ ਸਫਾ 2 'ਤੇ)

## ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵੱਲੋਂ ਯੂਕੇ ਦੀਆਂ ਸਿੱਖ ਸੰਸਥਾਵਾਂ ਨੂੰ ਮਨਵੀਰ ਸਿੰਘ ਯੂਕੇ ਨਾਲ ਸਹਿਯੋਗ ਕਰਨ ਦੇ ਆਦੇਸ਼ ਪੰਜ ਸਿੰਘ ਸਾਹਿਬਾਨ ਦੇ ਪੁਰਾਣੇ ਫ਼ੈਸਲਿਆਂ 'ਚ ਬਦਲਾਅ 'ਤੇ ਸਵਾਲ

*2 ਦਸੰਬਰ, 2024 ਦੇ ਆਦੇਸ਼ ਦੀ ਭਵਿੱਖੀ ਸਥਿਤੀ 'ਤੇ ਚਰਚਾ*

ਬਬਲੂ ਮਹਾਜਨ
================

ਅੰਮ੍ਰਿਤਸਰ, 18 ਜਨਵਰੀ : ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਦੇ ਇੰਚਾਰਜ ਬਗੀਚਾ ਸਿੰਘ ਵਲੋਂ ਇਕ ਪੱਤਰ ਜਾਰੀ ਕੀਤਾ ਗਿਆ ਹੈ।ਜਿਸ ਵਿੱਚ ਯੂਕੇ ਦੀਆਂ ਸਮੂਹ ਸਿੱਖ ਸੰਗਤਾਂ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਸ. ਮਨਵੀਰ ਸਿੰਘ ਮੁੱਖ ਸੇਵਾਦਾਰ ਸਤਿਕਾਰ ਕਮੇਟੀ, ਯੂਕੇ ਦਾ ਸਹਿਯੋਗ ਕਰਨ ਲਈ ਆਦੇਸ਼ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਮਿਤੀ 6 ਦਸੰਬਰ 2022 ਨੂੰ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿਚ ਪੰਜ ਸਿੰਘ


ਸਕੱਤਰੇਤ
ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ
Secretariat
Sri Akal Takhat Sahib, Sri Amritsar Sahib


ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ
Sri Akal Takhat Sahib, Sri Amritsar Sahib

ਸਾਹਿਬਾਨ ਦੀ ਇਕੱਤਰਤਾ ਸ੍ਰੀ ਅਕਾਲ ਤਖ਼ਤ ਸਹਿਬ ਵਿਖੇ ਹੋਈ, ਜਿਸ ਵਿਚ ਮਨਵੀਰ ਸਿੰਘ ਯੂਕੇ ਬਾਰੇ ਫੈਸਲਾ ਹੋਇਆ ਸੀ ਕਿ ਇਸ ਨੇ ਸਤਿਕਾਰ ਕਮੇਟੀ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਦੇ ਨਾਮ 'ਤੇ ਕਈ ਮਰਿਆਦਾ ਵਿਹੂਣੇ ਕੰਮ ਕੀਤੇ ਅਤੇ ਇਨ੍ਹਾਂ ਕੰਮਾਂ ਲਈ ਸੰਗਤਾਂ ਨੂੰ ਗੁੰਮਰਾਹ ਕਰਕੇ ਮਾਇਆ ਇਕੱਤਰ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਦੇ ਕਾਰਜਾਂ ਦੀ ਪੜਤਾਲ ਕਰਨ ਲਈ ਬਣਾਈ ਗਈ ਪੰਜ ਸਿੰਘਾਂ ਦੀ ਸਬ-ਕਮੇਟੀ ਨੂੰ ਹੀ ਇਸ ਨੇ ਗਲਤ ਠਹਿਰਾਇਆ। ਜਿਸ 'ਤੇ ਇਸ ਨੂੰ ਅਤੇ

(ਬਾਕੀ ਸਫਾ 2 'ਤੇ)

## ਸੁਨੀਲ ਜਾਖੜ ਦੀ ਵਿਗੜੀ ਸਿਹਤ, ਹਸਪਤਾਲ 'ਚ ਕਰਵਾਇਆ ਦਾਖ਼ਲ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 18 ਜਨਵਰੀ : ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਦੀ ਅੱਜ ਸਵੇਰੇ ਅਚਾਨਕ



ਸਿਹਤ ਵਿਗੜ ਗਈ। ਉਨ੍ਹਾਂ ਨੂੰ ਸਵੇਰੇ ਛਾਤੀ ਵਿੱਚ ਦਰਦ ਹੋਇਆ ਅਤੇ ਉਨ੍ਹਾਂ ਨੂੰ ਮੁਲਾਂਕਣ ਲਈ ਮੋਹਾਲੀ ਦੇ ਫੋਰਟਿਸ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਤੁਰੰਤ ਉਨ੍ਹਾਂ ਦਾ ਇਲਾਜ ਸ਼ੁਰੂ ਕੀਤਾ। ਉਨ੍ਹਾਂ ਦੀ ਐਂਜੀਓਗ੍ਰਾਫੀ ਹੋਈ ਹੈ ਅਤੇ ਇਸ ਸਮੇਂ ਉਨ੍ਹਾਂ ਨੂੰ ਨਿਗਰਾਨੀ ਲਈ ਹਸਪਤਾਲ ਵਿੱਚ ਰੱਖਿਆ ਗਿਆ ਹੈ। ਰਿਪੋਰਟਾਂ ਅਨੁਸਾਰ, ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਹੇਠ ਇੱਕ ਵਫ਼ਦ ਅੱਜ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕਰਨ ਵਾਲਾ ਸੀ। ਇਹ ਮੁਲਾਕਾਤ ਸਵੇਰੇ 10 ਵਜੇ ਦੇ ਕਰੀਬ ਹੋਣੀ ਸੀ। ਪਰ ਇਸ ਤੋਂ ਪਹਿਲਾਂ ਹੀ ਸੁਨੀਲ ਜਾਖੜ ਨੂੰ ਘਰ ਵਿੱਚ ਛਾਤੀ ਵਿੱਚ ਦਰਦ ਹੋਣ ਲੱਗ ਪਿਆ। ਇਸ ਤੋਂ ਬਾਅਦ, ਉਨ੍ਹਾਂ ਨੇ ਚੈੱਕਅਪ ਲਈ ਸਿੱਧਾ ਫੋਰਟਿਸ ਹਸਪਤਾਲ ਜਾਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਰਾਜਪਾਲ ਭਵਨ ਦਾ ਆਪਣਾ ਦੌਰਾ ਵੀ ਮੁਲਤਵੀ ਕਰ ਦਿੱਤਾ।

(ਬਾਕੀ ਸਫਾ 2 'ਤੇ)

### ਮੌਨੀ ਮੱਸਿਆ 'ਤੇ ਸਵੇਰੇ 1.3 ਕਰੋੜ ਲੋਕਾਂ ਨੇ ਗੰਗਾ 'ਚ ਲਗਾਈ ਡੁਬਕੀ

ਪ੍ਰਯਾਗਰਾਜ, 18 ਜਨਵਰੀ (ਚੜ੍ਹਦੀਕਲਾ ਬਿਊਰੋ) : ਪ੍ਰਯਾਗਰਾਜ ਵਿਚ ਚੱਲ ਰਹੇ ਮਾਘ ਮੇਲੇ ਦੇ ਦਿਨ ਐਤਵਾਰ ਨੂੰ ਮੌਨੀ ਮੱਸਿਆ 'ਤੇ ਸਵੇਰੇ 8 ਵਜੇ ਤੱਕ 1.3 ਕਰੋੜ ਸ਼ਰਧਾਲੂਆਂ ਨੇ ਗੰਗਾ ਅਤੇ ਸੰਗਮ ਵਿਚ ਡੁਬਕੀ ਲਗਾਈ। ਇਹ ਜਾਣਕਾਰੀ ਦਿੰਦੇ ਹੋਏ ਮੇਲਾ ਪ੍ਰਸ਼ਾਸਨ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਲੋਕ ਬੀਤੀ ਰਾਤ 12 ਵਜੇ ਤੋਂ ਗੰਗਾ ਅਤੇ ਸੰਗਮ ਖੇਤਰ ਵਿਚ ਇਸ਼ਨਾਨ ਕਰਨ ਲਈ ਆ ਰਹੇ ਹਨ। ਇਸ ਤੋਂ ਪਹਿਲਾਂ, ਮਕਰ ਸੰਕ੍ਰਾਂਤੀ ਦੇ ਮੌਕੇ ਤੇ, 1.03 ਕਰੋੜ ਲੋਕਾਂ ਨੇ ਗੰਗਾ ਅਤੇ ਸੰਗਮ ਵਿਚ ਇਸ਼ਨਾਨ ਕੀਤਾ ਸੀ ਜਦੋਂ ਕਿ ਏਕਾਦਸ਼ੀ 'ਤੇ ਲਗਭਗ 85 ਲੱਖ ਲੋਕਾਂ ਨੇ ਗੰਗਾ ਅਤੇ ਸੰਗਮ ਵਿਚ ਇਸ਼ਨਾਨ ਕੀਤਾ ਸੀ। ਡਿਵੀਜ਼ਨਲ ਕਮਿਸ਼ਨਰ ਸੌਮਿਆ ਅਗਰਵਾਲ ਨੇ

(ਬਾਕੀ ਸਫਾ 2 'ਤੇ)

*ਆਰ.ਐਸ.ਐਸ. ਮੁਖੀ ਦਾ ਵੱਡਾ ਬਿਆਨ*

## ਅਗਲੇ 10 ਤੋਂ 12 ਸਾਲਾਂ 'ਚ ਖ਼ਤਮ ਹੋ ਸਕਦੈ ਜਾਤੀਵਾਦ: ਮੋਹਨ ਭਾਗਵਤ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 18 ਜਨਵਰੀ : ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੇ ਸਮਾਜ ਵਿੱਚ ਜਾਤੀਵਾਦ ਦੀ ਡੂੰਘੀ ਜੜ੍ਹੀ ਹੋਈ ਸਮੱਸਿਆ ਦੀ ਸਖ਼ਤ ਆਲੋਚਨਾ ਕੀਤੀ ਹੈ। ਸੰਘ ਦੇ ਸ਼ਤਾਬਦੀ ਵਰ੍ਹੇ ਦੇ ਮੌਕੇ 'ਤੇ ਆਯੋਜਿਤ ਇੱਕ ਜਨਤਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਸਮਾਜ ਇਮਾਨਦਾਰੀ ਨਾਲ ਕੋਸ਼ਿਸ਼ ਕਰਦਾ ਹੈ, ਤਾਂ ਅਗਲੇ ਦਹਾਕੇ ਦੇ ਅੰਦਰ ਭਾਰਤ ਵਿੱਚੋਂ ਜਾਤੀ ਭੇਦਭਾਵ ਨੂੰ ਪੂਰੀ ਤਰ੍ਹਾਂ ਖਤਮ ਕੀਤਾ ਜਾ ਸਕਦਾ ਹੈ। ਭਾਗਵਤ ਨੇ ਜਾਤੀ



ਵਿਵਸਥਾ ਦੇ ਇਤਿਹਾਸਕ ਪਹਿਲੂ ਦੀ ਵਿਆਖਿਆ ਕਰਦੇ ਹੋਏ ਕਿਹਾ ਕਿ ਪ੍ਰਾਚੀਨ ਸਮੇਂ ਵਿੱਚ, ਜਾਤੀ ਸਿਰਫ ਪੇਸ਼ੇ ਅਤੇ ਕੰਮ ਨਾਲ ਸਬੰਧਤ ਸੀ। ਸਮੇਂ ਦੇ

(ਬਾਕੀ ਸਫਾ 2 'ਤੇ)

### ਨਾਗੌਰ 'ਚ ਪਿੰਡ ਵਾਸੀਆਂ ਨੇ ਪਸ਼ੂ ਤਸਕਰੀ ਦੇ ਸ਼ੱਕ ਹੇਠ ਚਾਰ ਨੌਜਵਾਨਾਂ ਨੂੰ ਕੁੱਟਿਆ

ਜੈਪੁਰ, 18 ਜਨਵਰੀ (ਚੜ੍ਹਦੀਕਲਾ ਬਿਊਰੋ) : ਰਾਜਸਥਾਨ ਦੇ ਨਾਗੌਰ ਜ਼ਿਲ੍ਹੇ ਵਿਚ ਪਿੰਡ ਵਾਸੀਆਂ ਨੇ ਪਸ਼ੂ ਤਸਕਰੀ ਦੇ ਸ਼ੱਕ ਵਿਚ ਚਾਰ ਨੌਜਵਾਨਾਂ ਨੂੰ ਫੜ ਕੇ ਕੁੱਟਿਆ ਇਸ ਦੀ ਜਾਣਕਾਰੀ ਪੁਲਿਸ ਨੇ ਐਤਵਾਰ ਨੂੰ ਦਿੱਤੀ। ਪੁਲਿਸ ਦੇ ਅਨੁਸਾਰ, ਇਹ ਘਟਨਾ ਸ਼ਨੀਵਾਰ ਰਾਤ ਨੂੰ ਰਿਆਨ ਬਾਡੀ ਖੇਤਰ ਦੇ ਥਵਾਲਾ ਥਾਣਾ ਖੇਤਰ ਦੇ ਲਾਡਪੁਰਾ ਪਿੰਡ ਵਿਚ ਵਾਪਰੀ। ਪਿੰਡ ਵਾਸੀਆਂ ਨੇ ਨੌਜਵਾਨਾਂ ਨੂੰ ਕੁੱਟਿਆ ਅਤੇ ਉਨ੍ਹਾਂ ਦੇ ਸਿਰ ਮੁੰਨ ਦਿੱਤੇ।ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਪਿੰਡ ਵਾਸੀਆਂ ਨੇ ਲਾਡਪੁਰਾ ਪਿੰਡ ਦੇ ਛਪਰ ਖੇਤਰ ਵਿਚ ਚਾਰ ਨੌਜਵਾਨਾਂ ਨੂੰ ਗਾਵਾਂ ਇਕੱਠੀਆਂ ਕਰਦੇ ਦੇਖਿਆ, ਜਿਸ ਨਾਲ ਗਊ

(ਬਾਕੀ ਸਫਾ 2 'ਤੇ)

## ਹਰਿਆਣਾ ਦੇ ਮੁੱਖ ਮੰਤਰੀ ਸੈਣੀ ਵੱਲੋਂ 'ਵਿਕਸਿਤ ਭਾਰਤ ਜੀ ਰਾਮ ਜੀ' ਮਿਸ਼ਨ ਦਾ ਆਗਾਜ਼

ਚੜ੍ਹਦੀਕਲਾ ਬਿਊਰੋ
================

ਪੰਚਕੂਲਾ, 18 ਜਨਵਰੀ :ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਚਕੂਲਾ ਵਿਖੇ ਆਯੋਜਿਤ ਇਕ ਰਾਜ ਪੱਧਰੀ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਵਿਕਸਿਤ ਭਾਰਤ ਜੀ ਰਾਮ ਜੀ ਮਿਸ਼ਨ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਨੇ ਮਜ਼ਦੂਰਾਂ ਨਾਲ ਸਿੱਧਾ ਸੰਵਾਦ ਕੀਤਾ ਅਤੇ ਇਸ ਯੋਜਨਾ ਨੂੰ ਮਜ਼ਦੂਰਾਂ ਦੇ ਕਲਿਆਣ ਅਤੇ ਪਿੰਡਾਂ ਦੇ ਵਿਕਾਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇੱਕ ਇਤਿਹਾਸਕ ਕਦਮ ਦੱਸਿਆ। ਮੁੱਖ ਮੰਤਰੀ ਅਨੁਸਾਰ, ਇਹ ਨਵੀਂ ਯੋਜਨਾ ਹੁਣ ਪੁਰਾਣੀ ਹੋ ਚੁੱਕੀ ਮਨਰੇਗਾ ਯੋਜਨਾ ਦੀ ਥਾਂ ਲਵੇਗੀ। ਇਸ ਮਿਸ਼ਨ ਦੇ ਤਹਿਤ ਰੁਜ਼ਗਾਰ ਦੀ ਗਰੰਟੀ ਨੂੰ 100 ਦਿਨਾਂ ਤੋਂ ਵਧਾ ਕੇ 125 ਦਿਨ ਕਰ ਦਿੱਤਾ ਗਿਆ ਹੈ। ਇਸ ਫੈਸਲੇ ਨਾਲ ਦੇਸ਼ ਭਰ ਵਿੱਚ ਇੱਕ ਪੇਂਡੂ ਅਕੁਸ਼ਲ ਮਜ਼ਦੂਰ ਦੀ ਔਸਤ ਸਾਲਾਨਾ ਆਮਦਨ ਵਿੱਚ 7 ਫੀਸਦੀ ਤੋਂ ਵੱਧ ਦਾ ਵਾਧਾ ਹੋਣ ਦੀ ਉਮੀਦ ਹੈ। ਖਾਸ ਤੌਰ ਤੇ ਹਰਿਆਣਾ ਵਿੱਚ, ਹਰ ਮਜ਼ਦੂਰ ਦੀ ਸਾਲਾਨਾ ਆਮਦਨ ਵਿੱਚ ਘੱਟੋ-ਘੱਟ 50 ਹਜ਼ਾਰ ਰੁਪਏ ਦਾ ਵਾਧਾ ਦਰਜ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਇਸ ਯੋਜਨਾ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਸ਼ੋਸ਼ਣ ਨੂੰ ਰੋਕਣ ਲਈ ਕਈ ਅਹਿਮ ਕਦਮ ਚੁੱਕੇ ਗਏ ਹਨ, ਜਿਨ੍ਹਾਂ ਵਿੱਚ ਬਾਇਓਮੈਟ੍ਰਿਕ ਪ੍ਰਮਾਣਿਕਤਾ, ਹਾਜ਼ਰੀ ਅਤੇ ਵੇਤਨ ਦਾ ਸਿੱਧਾ ਡਿਜੀਟਲ ਭੁਗਤਾਨ, ਜੀਓ ਟੈਗਿੰਗ ਅਤੇ ਸੈਟੇਲਾਈਟ ਇਮੇਜਰੀ ਸ਼ਾਮਲ ਹਨ। ਉਨ੍ਹਾਂ ਕਾਂਗਰਸ ਤੇ ਨਿਸ਼ਾਨਾ ਸਾਧਦਿਆਂ



(ਬਾਕੀ ਸਫਾ 2 'ਤੇ)

### ਆਸਟਰੀਆ ਵਿੱਚ ਬਰਫ਼ ਦੇ ਤੋਦੇ ਡਿੱਗੇ; 8 ਹਲਾਕ

ਵਿਆਨਾ, 18 ਜਨਵਰੀ (ਚੜ੍ਹਦੀਕਲਾ ਬਿਊਰੋ) : ਆਸਟਰੀਆ ਵਿੱਚ ਤਿੰਨ ਥਾਵਾਂ 'ਤੇ ਬਰਫ਼ ਦੇ ਤੋਦੇ ਡਿੱਗਣ ਤੇ ਜ਼ਮੀਨ ਖਿਸਕਣ ਕਾਰਨ ਸਕੀਇੰਗ ਕਰ ਰਹੇ ਅੱਠ ਜਣੇ ਮਾਰੇ ਗਏ। ਪੋਂਗੌ ਪਹਾੜੀ ਬਚਾਅ ਸੇਵਾ ਅਨੁਸਾਰ ਪੱਛਮੀ ਆਸਟਰੀਆ ਦੇ ਬੈਡ ਹੋਫਗੈਸਟੀਨ ਖੇਤਰ ਵਿੱਚ ਇੱਕ ਮਹਿਲਾ ਸਕੀਅਰ ਬਰਫ਼ ਵਾਲੀ ਜ਼ਮੀਨ ਖਿਸਕਣ ਕਾਰਨ ਹੇਠਾਂ ਦੱਬ ਗਈ। ਇਸ ਤੋਂ 90 ਮਿੰਟ ਬਾਅਦ ਸੈਲਾਨੀ ਕੇਂਦਰ ਸਾਲਜ਼ਬਰਗ ਦੇ ਦੱਖਣ ਵਿੱਚ ਤੇ ਨੇੜਲੀ ਗੈਸਟੀਨ ਵੈਲੀ ਵਿੱਚ ਬਰਫ ਦੇ ਤੋਦੇ ਡਿੱਗਣ ਕਾਰਨ ਸੱਤ ਜਣੇ ਬਰਫ ਹੇਠਾਂ ਦਬ ਗਏ ਜਿਨ੍ਹਾਂ ਵਿਚੋਂ ਚਾਰ ਜਣੇ ਮਾਰੇ ਗਏ। ਪੁਲੀਸ ਨੇ ਦੱਸਿਆ ਕਿ ਮੱਧ ਆਸਟਰੀਆ ਦੇ ਪਸਟਰਵਾਲਡ ਸ਼ਹਿਰ ਵਿੱਚ ਬਰਫ 'ਤੇ ਸਕੀਇੰਗ ਕਰ ਰਹੇ ਤਿੰਨ ਜਣੇ ਮਾਰੇ ਗਏ ਜਦਕਿ ਉਨ੍ਹਾਂ ਦੇ ਚਾਰ ਸਾਥੀਆਂ

(ਬਾਕੀ ਸਫਾ 2 'ਤੇ)

## ਗ੍ਰੀਨਲੈਂਡ 'ਚ ਟਰੰਪ ਖ਼ਿਲਾਫ਼ ਸੜਕਾਂ 'ਤੇ ਉੱਤਰੇ ਲੋਕ

*ਪ੍ਰਦਰਸ਼ਨਕਾਰੀਆਂ ਨੇ 'ਗ੍ਰੀਨਲੈਂਡ ਵਿਕਰੀ ਦੇ ਲਈ ਨਹੀਂ ਹੈ' ਦੇ ਲਗਾਏ ਨਾਅਰੇ*

ਚੜ੍ਹਦੀਕਲਾ ਬਿਊਰੋ
================

ਨੂਕ, 18 ਜਨਵਰੀ : ਗ੍ਰੀਨਲੈਂਡ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖ਼ਿਲਾਫ਼ ਹਜ਼ਾਰਾਂ ਲੋਕ ਸੜਕਾਂ ਤੇ ਉਤਰ ਆਏ। ਲੋਕਾਂ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਗ੍ਰੀਨਲੈਂਡ ਤੇ ਕਬਜ਼ੇ ਬਾਰੇ ਦਿੱਤੇ ਬਿਆਨਾਂ ਤੇ ਨਾਰਾਜ਼ਗੀ ਜ਼ਾਹਰ ਕੀਤੀ ਗਈ। ਪ੍ਰਦਰਸ਼ਨਕਾਰੀਆਂ ਨੇ ਗ੍ਰੀਨਲੈਂਡ ਵਿਕਰੀ ਲਈ ਨਹੀਂ ਹੈ ਦੇ ਨਾਅਰੇ ਵੀ ਲਗਾਏ ਗਏ। ਬਰਫ਼ੀਲੀਆਂ ਸੜਕਾਂ ਰਾਹੀਂ ਪ੍ਰਦਰਸ਼ਨਕਾਰੀ ਗ੍ਰੀਨਲੈਂਡ ਦੀ ਰਾਜਧਾਨੀ ਨੂਕ ਦੇ ਡਾਊਨਟਾਊਨ ਤੋਂ ਅਮਰੀਕੀ ਸਫਾਰਤਖਾਨੇ ਤੱਕ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਰਾਸ਼ਟਰੀ ਝੰਡੇ ਲਹਿਰਾਏ ਅਤੇ ਹੱਥਾਂ 'ਚ ਅਮਰੀਕਾ ਦੇ ਵਿਰੋਧ ਵਾਲੇ ਪੋਸਟਰ ਫੜੇ ਹੋਏ ਸਨ। ਗ੍ਰੀਨਲੈਂਡ ਦੀ ਪੁਲਿਸ ਅਨੁਸਾਰ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਪ੍ਰਦਰਸ਼ਨ ਮੰਨਿਆ ਜਾ ਰਿਹਾ ਹੈ, ਜਿਸ ਵਿੱਚ ਨੂਕ ਦੀ ਲਗਭਗ ਇੱਕ-ਚੌਥਾਈ ਆਬਾਦੀ ਸ਼ਾਮਲ ਹੋਈ। ਇਸੇ ਦੌਰਾਨ ਅਮਰੀਕਾ ਨੇ ਯੂਰਪ ਦੇ 8 ਦੇਸ਼ਾਂ ਤੇ 10% ਟੈਰਿਫ ਲਗਾਉਣ ਦਾ ਐਲਾਨ ਕਰ ਦਿੱਤਾ। ਇਹ ਦੇਸ਼ ਗ੍ਰੀਨਲੈਂਡ ਤੇ ਅਮਰੀਕਾ ਦੇ ਕਬਜ਼ੇ ਦੀ ਧਮਕੀ ਦਾ ਵਿਰੋਧ ਕਰ ਰਹੇ ਸਨ। ਇਸ ਨਾਲ ਗ੍ਰੀਨਲੈਂਡ ਦੇ ਲੋਕਾਂ ਵਿੱਚ ਟਰੰਪ ਪ੍ਰਤੀ ਗੁੱਸਾ ਹੋਰ ਵਧ ਗਿਆ। ਦੂਜੇ ਪਾਸੇ ਯੂਰਪੀ ਸੰਘ ਦੇ ਸੰਸਦ ਮੈਂਬਰ ਅਮਰੀਕਾ ਨਾਲ ਹੋਏ ਵਪਾਰਕ ਸਮਝੌਤੇ ਦੀ ਮਨਜ਼ੂਰੀ ਰੋਕਣ ਦੀ ਤਿਆਰੀ ਵਿੱਚ ਹਨ। ਯੂਰਪੀਅਨ ਪੀਪਲਜ਼ ਪਾਰਟੀ ਦੇ ਅਧਿਆਪਕ ਮੈਨਫਰੈੱਡ ਵੈਬਰ ਨੇ ਸ਼ਨੀਵਾਰ ਨੂੰ ਸੋਸ਼ਲ ਮੀਡੀਆ 'ਐਕਸ' ਤੇ ਪੋਸਟ ਕਰਕੇ ਕਿਹਾ ਕਿ ਟਰੰਪ ਦੀਆਂ ਗ੍ਰੀਨਲੈਂਡ ਧਮਕੀਆਂ ਕਾਰਨ ਅਮਰੀਕਾ ਨਾਲ ਸਮਝੌਤੇ ਨੂੰ ਮਨਜ਼ੂਰੀ ਦੇਣਾ ਸੰਭਵ ਨਹੀਂ ਹੈ।




### ਭਾਜਪਾ ਆਗੂਆਂ ਵੱਲੋਂ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ

ਚੰਡੀਗੜ੍ਹ, 18 ਜਨਵਰੀ (ਚੜ੍ਹਦੀਕਲਾ ਬਿਊਰੋ) : ਪੰਜਾਬ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਦੇ ਇਕ ਵਫ਼ਦ ਨੇ ਐਤਵਾਰ ਨੂੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ ਅਤੇ ਸੂਬੇ ਦੀਆਂ ਭਖਦੀਆਂ ਮੁਸ਼ਕਿਲਾਂ ਸਬੰਧੀ ਇਕ ਮੰਗ ਪੱਤਰ ਸੌਂਪਿਆ। ਭਾਜਪਾ ਆਗੂਆਂ ਨੇ ਦੋਸ਼ ਲਗਾਇਆ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਵਿਗੜ ਚੁੱਕੀ ਹੈ ਅਤੇ ਪੰਜਾਬ ਗੈਂਗਸਟਰਾਂ ਲਈ ਸਵਰਗ ਬਣਦਾ ਜਾ ਰਿਹਾ ਹੈ। ਭਾਜਪਾ ਨੇ ਚਿੰਤਾ ਪ੍ਰਗਟਾਈ ਕਿ ਸੂਬੇ ਵਿੱਚ ਰੋਜ਼ਾਨਾ ਕਤਲ ਹੋ ਰਹੇ ਹਨ ਅਤੇ ਫਿਰੌਤੀ ਦੀਆਂ ਕਾਲਾਂ ਆ ਰਹੀਆਂ ਹਨ। ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਕਿ ਇਸ ਮਾਮਲੇ ਵਿੱਚ ਡੀ.ਜੀ.ਪੀ. ਅਤੇ ਗ੍ਰਹਿ ਮੰਤਰੀ ਨੂੰ ਤਲਬ ਕੀਤਾ ਜਾਵੇ ਅਤੇ ਪੁੱਛਿਆ ਜਾਵੇ ਕਿ ਉਹ ਇਨ੍ਹਾਂ ਹਾਲਾਤਾਂ ਨਾਲ ਨਜਿੱਠਣ ਲਈ ਕੀ ਕਦਮ ਚੁੱਕ ਰਹੇ ਹਨ? ਭਾਜਪਾ ਆਗੂ ਸੁਭਾਸ਼ ਸ਼ਰਮਾ ਨੇ ਕਿਹਾ

(ਬਾਕੀ ਸਫਾ 2 'ਤੇ)

## ਪੰਜਾਬ 'ਚ ਸੰਘਣੀ ਧੁੰਦ ਅਤੇ ਮੀਂਹ ਦੀ ਭਵਿੱਖਬਾਣੀ

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 18 ਜਨਵਰੀ : ਪੰਜਾਬ ਵਿੱਚ ਸੰਘਣੀ ਧੁੰਦ ਦਾ ਕਹਿਰ ਲਗਾਤਾਰ ਜਾਰੀ ਹੈ। ਉਥੇ ਹੀ



ਅਗਲੇ ਦਿਨਾਂ ਲਈ ਮੌਸਮ ਵਿਭਾਗ ਵੱਲੋਂ ਵੱਡੀ ਭਵਿੱਖਬਾਣੀ ਕੀਤੀ ਗਈ ਹੈ। ਮੌਸਮ ਵਿਭਾਗ ਵੱਲੋਂ ਅੱਜ ਤੋਂ ਲੈ ਕੇ 22 ਜਨਵਰੀ ਤੱਕ ਦੀ ਤਾਜ਼ਾ ਜਾਣਕਾਰੀ ਦਿੱਤੀ ਗਈ ਹੈ। ਮੌਸਮ ਵਿਭਾਗ ਦੇ ਅਨੁਸਾਰ ਅਗਲੇ ਦਿਨਾਂ ਦੌਰਾਨ ਪੰਜਾਬ ਅਤੇ ਚੰਡੀਗੜ੍ਹ ਦੇ ਕੁਝ ਇਲਾਕਿਆਂ ਵਿੱਚ ਸੰਘਣੀ ਧੁੰਦ ਪੈਣ ਦੇ ਨਾਲ-ਨਾਲ ਬਾਰਿਸ਼ ਵੀ ਹੋਵੇਗੀ। 19 ਅਤੇ 20 ਤਾਰੀਖ਼ ਨੂੰ ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਫਤਿਹਗੜ੍ਹ ਸਾਹਿਬ, ਪਟਿਆਲਾ, ਮੋਹਾਲੀ ਵਿਚ ਸੀਤ ਲਹਿਰ ਦਾ ਯੈਲੋ ਅਲਰਟ ਰਹੇਗਾ। 19 ਜਨਵਰੀ ਨੂੰ ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਰੂਪਨਗਰ ਵਿੱਚ ਮੀਂਹ ਪੈਣ ਦੀ ਉਮੀਦ ਹੈ। ਇਸ ਦੇ ਬਾਅਦ 21 ਜਨਵਰੀ ਨੂੰ ਸੂਬੇ ਵਿਚ ਮੌਸਮ ਵਿਭਾਗ ਵੱਲੋਂ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ ਹੈ ਜਦਕਿ 22 ਤਾਰੀਖ਼ ਨੂੰ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਅੰਮ੍ਰਿਤਸਰ, ਤਰਨਤਾਰਨ, ਜਲੰਧਰ, ਲੁਧਿਆਣਾ ਵਿਚ ਯੈਲੋ ਅਲਰਟ ਰਹਿਣ ਦੇ ਨਾਲ-ਨਾਲ ਤੂਫ਼ਾਨ ਅਤੇ ਭਾਰੀ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ। ਫਿਰ 23 ਅਤੇ 24 ਤਰੀਕ ਨੂੰ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਦੇ ਡਾਇਰੈਕਟਰ ਸੁਰੇਂਦਰ ਪਾਲ ਨੇ ਦੱਸਿਆ ਕਿ ਪਹਾੜਾਂ ਵਿੱਚ ਇਕ ਪੱਛਮੀ ਗੜਬੜੀ ਸਰਗਰਮ ਹੋ ਗਈ ਹੈ। ਇਸ ਲਈ 19 ਤਾਰੀਖ਼ ਨੂੰ ਸੂਬੇ ਦੇ ਕੁਝ ਇਲਾਕਿਆਂ ਵਿੱਚ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। 22 ਅਤੇ 23 ਤਾਰੀਖ਼ ਨੂੰ ਰਾਜ ਦੇ ਕਈ ਹਿੱਸਿਆਂ ਵਿੱਚ ਹਲਕੀ ਤੋਂ ਦਰਮਿਆਨੀ

(ਬਾਕੀ ਸਫਾ 2 'ਤੇ)

### *ਮੌਸਮ ਵਿਭਾਗ ਵੱਲੋਂ ਕਈ ਸੂਬਿਆਂ 'ਚ ਮੀਂਹ ਦਾ ਅਲਰਟ*

ਚੰਡੀਗੜ੍ਹ, 18 ਜਨਵਰੀ (ਚੜ੍ਹਦੀਕਲਾ ਬਿਊਰੋ) : ਇਸ ਮਾਨਸੂਨ ਸੀਜ਼ਨ 'ਚ ਦੇਸ਼ ਭਰ 'ਚ ਭਾਰੀ ਮੀਂਹ ਪਿਆ। 2025 'ਚ ਦੇਸ਼ ਭਰ ਵਿੱਚ ਰਿਕਾਰਡ ਤੋੜ ਮੀਂਹ ਪਿਆ ਸੀ ਅਤੇ ਮੌਸਮ ਮਾਹਿਰਾਂ ਨੇ ਭਵਿੱਖਬਾਣੀ ਕੀਤੀ ਹੈ ਕਿ 2026 ਵਿੱਚ ਵੀ ਕਈ ਸੂਬਿਆਂ 'ਚ ਭਾਰੀ ਮੀਂਹ ਪਵੇਗਾ। ਇਸ ਦੌਰਾਨ ਭਾਰਤ ਮੌਸਮ ਵਿਭਾਗ ਨੇ 19, 20 ਅਤੇ 21 ਜਨਵਰੀ ਨੂੰ ਕਈ ਸੂਬਿਆਂ ਲਈ ਭਾਰੀ ਮੀਂਹ ਦੀ ਚਿਤਾਵਨੀ ਜਾਰੀ ਕੀਤੀ ਹੈ।ਮੌਸਮ ਵਿਭਾਗ ਨੇ ਨਾਗਰਿਕਾਂ ਨੂੰ ਸਾਵਧਾਨੀ ਵਰਤਣ, ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਚੌਕਸ ਰਹਿਣ ਅਤੇ ਜ਼ਰੂਰੀ ਸੁਰੱਖਿਆ ਉਪਾਅ ਕਰਨ ਦੀ ਸਲਾਹ ਦਿੱਤੀ ਹੈ। ਕੇਰਲ ਚ ਮਾਨਸੂਨ ਪਹਿਲਾਂ ਪਹੁੰਚਿਆ, ਅਤੇ ਰਾਜ ਵਿੱਚ ਭਾਰੀ

(ਬਾਕੀ ਸਫਾ 2 'ਤੇ)

# ਈਰਾਨ 'ਚ ਇੰਟਰਨੈੱਟ ਠੱਪ, ਸੜਕਾਂ 'ਤੇ ਉਤਰੇ ਪ੍ਰਦਰਸ਼ਨ ਅਤੇ ਹਾਲਾਤ ਖ਼ਤਰਨਾਕ

ਨਵੀਂ ਦਿੱਲੀ, 18 ਜਨਵਰੀ (ਚ.ਨ.ਸ.) : ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਸਿਖਰਾਂ 'ਤੇ ਪਹੁੰਚ ਗਿਆ ਹੈ। ਈਰਾਨ ਵਿੱਚ ਚੱਲ ਰਹੇ ਹਿੰਸਕ ਪ੍ਰਦਰਸ਼ਨਾਂ ਦੌਰਾਨ ਹੁਣ ਤੱਕ 3,000 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਭਿਆਨਕ ਸਥਿਤੀ ਵਿਚਕਾਰ ਈਰਾਨ ਤੋਂ ਭਾਰਤ ਪਰਤੇ ਵਿਦਿਆਰਥੀਆਂ ਅਤੇ ਨਾਗਰਿਕਾਂ ਨੇ ਉੱਥੋਂ ਦੇ ਖ਼ੌਫ਼ਨਾਕ ਹਾਲਾਤ ਬਿਆਨ ਕੀਤੇ ਹਨ। ਭਾਰਤ ਪਰਤੇ ਵਿਦਿਆਰਥੀਆਂ ਨੇ ਦੱਸਿਆ ਕਿ ਈਰਾਨ ਵਿੱਚ ਸਥਿਤੀ ਬਹੁਤ ਨਾਜ਼ੁਕ ਹੈ। ਈਰਾਨ ਸਰਕਾਰ ਨੇ ਪੂਰੇ ਦੇਸ਼ ਵਿੱਚ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਹਨ, ਜਿਸ ਕਾਰਨ ਵਿਦਿਆਰਥੀ ਆਪਣੇ ਪਰਿਵਾਰਾਂ ਨਾਲ ਸੰਪਰਕ ਨਹੀਂ ਕਰ ਸਕੇ।ਵਿਦਿਆਰਥੀਆਂ ਮੁਤਾਬਕ ਘਰੋਂ ਬਾਹਰ ਨਿਕਲਣਾ ਖ਼ਤਰੇ ਤੋਂ ਖਾਲੀ ਨਹੀਂ ਸੀ। ਪ੍ਰਦਰਸ਼ਨਕਾਰੀ ਗੱਡੀਆਂ ਨੂੰ ਘੇਰ ਲੈਂਦੇ ਸਨ ਅਤੇ ਸੜਕਾਂ ਤੇ ਅਗਜ਼ਨੀ ਦੀਆਂ ਘਟਨਾਵਾਂ ਆਮ ਹੋ ਗਈਆਂ ਸਨ। ਈਰਾਨ ਵਿੱਚ ਲੱਗਭੱਗ 9,000 ਭਾਰਤੀ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਮੈਡੀਕਲ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਦੀ ਹੈ। ਇਨ੍ਹਾਂ ਵਿੱਚੋਂ 2,000 ਤੋਂ ਵੱਧ ਵਿਦਿਆਰਥੀ ਇਕੱਲੇ ਜੰਮੂ-ਕਸ਼ਮੀਰ ਦੇ ਹਨ। ਈਰਾਨੀ ਅਧਿਕਾਰੀਆਂ ਨੇ ਵਪਾਰਕ ਜਹਾਜ਼ ਐਮਟੀ ਵੈਲੀਅੰਟ ਰੋਅਰ 'ਤੇ ਸਵਾਰ 16 ਭਾਰਤੀ ਕਰੂ ਮੈਂਬਰਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਭਾਰਤੀ ਵਿਦੇਸ਼ ਮੰਤਰਾਲਾ ਉਨ੍ਹਾਂ ਨੂੰ ਕੌਂਸਲਰ ਐਕਸੈਸ ਦਿਵਾਉਣ ਲਈ ਲਗਾਤਾਰ ਈਰਾਨੀ ਸਰਕਾਰ ਨਾਲ ਸੰਪਰਕ ਵਿੱਚ ਹੈ।



ਪਰਿਵਾਰਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਉਨ੍ਹਾਂ ਦੀ ਸੁਰੱਖਿਅਤ ਵਾਪਸੀ ਲਈ ਗੁਹਾਰ ਲਗਾਈ ਹੈ।

ਈਰਾਨ ਦੇ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨੇਈ ਨੇ ਇਨ੍ਹਾਂ ਮੌਤਾਂ ਅਤੇ ਹਿੰਸਾ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਉਨ੍ਹਾਂ ਨੂੰ ਅਪਰਾਧੀ ਕਿਹਾ ਹੈ। ਦੂਜੇ ਪਾਸੇ, ਟਰੰਪ ਨੇ ਪਲਟਵਾਰ ਕਰਦਿਆਂ ਕਿਹਾ ਹੈ ਕਿ ਈਰਾਨ ਵਿੱਚ ਖਾਮੇਨੇਈ ਦੀ 37 ਸਾਲ ਪੁਰਾਣੀ ਸੱਤਾ ਨੂੰ ਉਖਾੜ ਸੁੱਟਣ ਦਾ ਸਮਾਂ ਆ ਗਿਆ ਹੈ। ਟਰੰਪ ਨੇ ਚਿਤਾਵਨੀ ਦਿੱਤੀ ਕਿ ਜੇਕਰ ਈਰਾਨ ਨੇ ਪ੍ਰਦਰਸ਼ਨਕਾਰੀਆਂ ਨੂੰ ਫਾਂਸੀ ਦਿੱਤੀ ਤਾਂ ਅਮਰੀਕਾ ਸਖ਼ਤ ਕਾਰਵਾਈ ਕਰੇਗਾ। ਭਾਰਤ ਸਰਕਾਰ ਨੇ ਈਰਾਨ ਵਿੱਚ ਮੌਜੂਦ ਆਪਣੇ ਨਾਗਰਿਕਾਂ ਨੂੰ ਤੁਰੰਤ ਦੇਸ਼ ਛੱਡਣ ਦੀ ਸਲਾਹ ਦਿੱਤੀ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਜਿਹੜੇ ਲੋਕ ਅਜੇ ਉੱਥੇ ਫਸੇ ਹੋਏ ਹਨ, ਉਹ ਭਾਰਤੀ ਦੂਤਾਵਾਸ ਨਾਲ ਸੰਪਰਕ ਕਰਨ ਅਤੇ ਪ੍ਰਦਰਸ਼ਨ ਵਾਲੀਆਂ ਥਾਵਾਂ ਤੋਂ ਦੂਰ ਰਹਿਣ।

# ਵਿਧਾਇਕ ਸੁਖਵਿੰਦਰ ਸੁੱਖੀ ਵੱਲੋਂ ਚੇਅਰਮੈਨ ਕਨਵੇਅਰ ਤੇ ਕੈਬਨਿਟ ਮੰਤਰੀ ਰੈਂਕ ਤੋਂ ਅਸਤੀਫ਼ਾ

ਚੰਡੀਗੜ੍ਹ, 18 ਜਨਵਰੀ (ਚ.ਨ.ਸ.) : ਹਲਕਾ ਬੰਗਾ ਤੋਂ ਵਿਧਾਇਕ ਡਾ.ਸੁਖਵਿੰਦਰ ਕੁਮਾਰ ਸੁੱਖੀ ਨੇ ਅੱਜ ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੀ ਚੇਅਰਮੈਨ ਵਜੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਮਿਲੇ ਕੈਬਨਿਟ ਰੈਂਕ ਨੂੰ ਵੀ ਛੱਡ ਦਿੱਤਾ ਹੈ।



ਕਰੀਬ ਇੱਕ ਸਾਲ ਪਹਿਲਾਂ 'ਆਪ' ਸਰਕਾਰ ਨੇ ਡਾ.ਸੁੱਖੀ ਨੂੰ ਕੈਬਨਿਟ ਰੈਂਕ ਦੇ ਨਾਲ ਚੇਅਰਮੈਨੀ ਨਾਲ ਨਿਵਾਜਿਆ ਸੀ। ਡਾ.ਸੁੱਖੀ ਨੇ ਸਾਲ 2022 'ਚ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਹਲਕਾ ਬੰਗਾ ਤੋਂ ਜਿੱਤ ਹਾਸਲ ਕੀਤੀ ਸੀ ਅਤੇ ਕੁੱਝ ਸਮਾਂ ਪਹਿਲਾਂ ਡਾ.ਸੁੱਖੀ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ ਸਨ। ਡਾ.ਸੁਖਵਿੰਦਰ ਕੁਮਾਰ ਸੁੱਖੀ ਨੇ ਅੱਜ ਇਹ ਅਹੁਦੇ ਛੱਡਦਿਆਂ ਕਿਹਾ ਕਿ ਉਨ੍ਹਾਂ ਲਈ ਧੰਨ ਧੰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦਾ ਸਤਿਕਾਰ ਸਭ ਤੋਂ ਵੱਡਾ ਹੈ ਅਤੇ ਇਸ ਸਤਿਕਾਰ ਵਜੋਂ ਹੀ ਉਹ ਚੇਅਰਮੈਨੀ ਅਤੇ ਕੈਬਨਿਟ ਰੈਂਕ ਤੋਂ ਅਸਤੀਫ਼ਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਬਚਪਨ ਤੋਂ ਹੀ ਰਸੋਖਾਨਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਧਾਰਮਿਕ ਸਥਾਨ 'ਤੇ ਆਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਜ਼ਰੂਰ ਇਹ ਦੱਸਣਗੇ ਕਿ ਇਸ ਧਾਰਮਿਕ ਸਥਾਨ 'ਤੇ ਸ੍ਰੀ ਅਖੰਡ ਪਾਠ ਸਾਹਿਬ ਦੀ ਕੋਈ ਮਰਿਆਦਾ ਭੰਗ ਨਹੀਂ ਹੁੰਦੀ ਹੈ। ਚੇਤੇ ਰਹੇ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਮਾਘੀ ਕਾਨਫ਼ਰੰਸ 'ਤੇ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਦੇ ਹਵਾਲੇ ਨਾਲ ਕਿਹਾ ਸੀ ਕਿ ਬੰਗਾ ਦੇ ਇਸ ਧਾਰਮਿਕ ਸਥਾਨ ਤੋਂ ਸਰੂਪ ਮਿਲੇ ਹਨ, ਜਿਨ੍ਹਾਂ 'ਚੋਂ ਬਹੁਤੇ ਸਰੂਪਾਂ ਦਾ ਕੋਈ ਰਿਕਾਰਡ ਨਹੀਂ ਮਿਲ ਰਿਹਾ ਹੈ। ਉਸ ਵਕਤ ਹੀ ਡਾ.ਸੁੱਖੀ ਨੇ ਸਰਕਾਰ ਦੇ ਦਾਅਵਿਆਂ ਨੂੰ ਰੱਦ ਕਰ ਦਿੱਤਾ ਸੀ।

# ਚੋਣ ਡਿਊਟੀ ਹਾਦਸਾ: ਅਧਿਆਪਕਾਂ ਵੱਲੋਂ ਰੋਸ ਮਾਰਚ; ਆਵਾਜਾਈ ਰੋਕੀ



ਮੋਗਾ, 18 ਜਨਵਰੀ (ਚ.ਨ.ਸ.) : ਇੱਥੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਦਿਨ 14 ਦਸੰਬਰ ਨੂੰ ਪਿੰਡ ਸੰਗਤਪੁਰਾ ਕੋਲ ਕਾਰ ਉੱਤੇ ਚੋਣ ਡਿਊਟੀ 'ਤੇ ਜਾ ਰਹੇ ਅਧਿਆਪਕ ਜੋੜੇ ਜਸਕਰਨ ਸਿੰਘ ਅਤੇ ਕਮਲਜੀਤ ਕੌਰ ਦੀ ਧੁੰਦ ਕਾਰਨ ਸੂਏ 'ਚ ਕਾਰ ਡਿੱਗਣ ਨਾਲ ਮੌਤ ਹੋ ਗਈ ਸੀ। ਇਸ ਮਾਮਲੇ ਵਿਚ ਮ੍ਰਿਤਕਾਂ ਦੇ ਬੱਚਿਆਂ ਨੂੰ ਇਨਸਾਫ਼ ਦਿਵਾਉਣ ਲਈ ਅੱਜ ਅਧਿਆਪਕ ਇਨਸਾਫ ਕਮੇਟੀ ਦੇ ਬੈਨਰ ਹੇਠ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਗਈ। ਰੋਸ ਮਾਰਚ ਬਾਅਦ ਫ਼ਿਰੋਜ਼ਪੁਰ ਕੌਮੀ ਮਾਰਗ ਉੱਤੇ ਆਵਾਜਾਈ ਰੋਕੀ ਗਈ। ਇਸ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਸੂਬੇ ਦੇ ਵਿੱਤ ਮੰਤਰੀ ਤੇ ਸਿੱਖਿਆ ਮੰਤਰੀ ਨਾਲ 28 ਨੂੰ ਮੀਟਿੰਗ ਦਾ ਭਰੋਸਾ ਦਿੱਤਾ ਗਿਆ ਜਿਸ ਮਗਰੋਂ ਆਵਾਜਾਈ ਬਹਾਲ ਕੀਤੀ ਗਈ। ਇਸ ਮੌਕੇ ਡੀ ਟੀ ਐੱਫ ਦੋਨਾਂ ਗੁੱਟਾਂ ਦੇ ਸੂਬਾ ਪ੍ਰਧਾਨ ਦਿੱਗ ਵਿਜੇਪਾਲ ਅਤੇ ਵਿਕਰਮ ਦੇਵ ਸਿੰਘ, ਮਾਸਟਰ ਕੇਡਰ ਯੂਨੀਅਨ ਸੂਬਾ ਪ੍ਰਧਾਨ ਬਲਜਿੰਦਰ ਸਿਘ ਧਾਲੀਵਾਲ, ਬੀਕੇਯੂ ਏਕਤਾ ਉਗਰਾਹਾਂ ਆਗੂ ਅਮਰਜੀਤ ਸਿੰਘ ਸੈਦੋਕੇ ਅਤੇ ਦਰਜਾ ਚਾਰ ਕਰਮਚਾਰੀ ਯੂਨੀਅਨ ਸੂਬਾ ਪ੍ਰਧਾਨ ਕਰਮ ਚੰਦ ਚਡਾਲੀਆ ਨੇ ਸੰਬੋਧਨ ਕੀਤਾ। ਇਸ ਘਟਨਾ ਤੋਂ ਬਾਅਦ ਅਧਿਆਪਕ ਜਥੇਬੰਦੀਆਂ ਨੇ ਪ੍ਰਸ਼ਾਸਨ ਦੀ ਲਾਪਰਵਾਹੀ 'ਤੇ ਸਵਾਲ ਚੁੱਕੇ, ਸਰਕਾਰੀ ਸਨਮਾਨਾਂ ਅਤੇ ਪਰਿਵਾਰ ਲਈ ਵਿੱਤੀ ਮੱਦਦ ਦੀ ਮੰਗ ਕੀਤੀ।

## ਝਾਰਖੰਡ 'ਚ ਬਾਰਾਤੀਆਂ ਨਾਲ ਭਰੀ ਬੱਸ ਪਲਟੀ, 5 ਦੀ ਮੌਤ ਤੇ 25 ਜ਼ਖਮੀ

ਲਾਤੇਹਾਰ, 18 ਜਨਵਰੀ (ਚ.ਨ.ਸ.) : ਝਾਰਖੰਡ ਦੇ ਲਾਤੇਹਾਰ ਜ਼ਿਲ੍ਹੇ ਤੋਂ ਇੱਕ ਬੇਹੱਦ ਦਰਦਨਾਕ ਖ਼ਬਰ ਸਾਹਮਣੇ ਆਈ ਹੈ, ਜਿੱਥੇ ਬਾਰਾਤੀਆਂ ਨਾਲ ਭਰੀ ਇੱਕ ਬੱਸ ਹਾਦਸੇ ਦਾ ਸ਼ਿਕਾਰ ਹੋ ਕੇ ਪਲਟ ਗਈ। ਇਸ ਭਿਆਨਕ ਸੜਕ ਹਾਦਸੇ ਵਿੱਚ 5 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ 25 ਹੋਰ ਸਵਾਰੀਆਂ ਗੰਭੀਰ ਰੂਪ ਵਿੱਚ ਜ਼ਖਮੀ ਹੋਈਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਹਾਦਸਾ ਲਾਤੇਹਾਰ ਦੀ ਓਰਸਾ ਘਾਟੀ ਵਿੱਚ ਉਸ ਸਮੇਂ ਵਾਪਰਿਆ ਜਦੋਂ ਬਾਰਾਤੀਆਂ ਨਾਲ ਭਰੀ ਬੱਸ ਇੱਕ ਖ਼ਤਰਨਾਕ ਮੋੜ 'ਤੇ ਅਚਾਨਕ ਬੇਕਾਬੂ ਹੋ ਕੇ ਪਲਟ ਗਈ। ਦੱਸਿਆ ਜਾ ਰਿਹਾ ਹੈ ਕਿ ਇਹ ਬਾਰਾਤੀ ਛੱਤੀਸਗੜ੍ਹ ਤੋਂ ਝਾਰਖੰਡ ਦੇ ਲਾਤੇਹਾਰ ਵੱਲ ਜਾ ਰਹੇ ਸਨ। ਜਾਣਕਾਰੀ ਅਨੁਸਾਰ ਹਾਦਸੇ ਤੋਂ ਤੁਰੰਤ ਬਾਅਦ ਮੌਕੇ 'ਤੇ ਚੀਕ-ਚਿਹਾੜਾ ਮਚ ਗਿਆ, ਜਿਸ ਨੂੰ ਸੁਣ ਕੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਵੱਡੀ ਗਿਣਤੀ ਵਿੱਚ ਮਦਦ ਲਈ ਦੌੜੇ। ਪਿੰਡ ਵਾਸੀਆਂ ਨੇ ਬੜੀ ਮੁਸ਼ੱਕਤ ਨਾਲ ਬੱਸ ਵਿੱਚ ਫਸੇ ਜ਼ਖਮੀਆਂ ਨੂੰ ਬਾਹਰ ਕੱਢਣਾ ਸ਼ੁਰੂ ਕੀਤਾ। ਇਸ ਦੌਰਾਨ ਪ੍ਰਸ਼ਾਸਨ ਨੂੰ ਸੂਚਨਾ ਦਿੱਤੀ ਗਈ, ਜਿਸ ਤੋਂ ਬਾਅਦ ਪ੍ਰਸ਼ਾਸਨਿਕ ਟੀਮ ਨੇ ਮੌਕੇ 'ਤੇ ਪਹੁੰਚ ਕੇ ਰਾਹਤ ਅਤੇ ਬਚਾਅ ਕਾਰਜਾਂ ਦੀ ਕਮਾਂਡ ਸੰਭਾਲੀ।ਪ੍ਰਸ਼ਾਸਨ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਸਾਰੇ ਜ਼ਖਮੀਆਂ ਨੂੰ ਇਲਾਜ ਲਈ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਹਾਦਸਾ ਇੰਨਾ ਭਿਆਨਕ ਸੀ ਕਿ ਬੱਸ ਦੇ ਬੁਰੀ ਤਰ੍ਹਾਂ ਪਰਖੱਚੇ ਉੱਡ ਗਏ। ਪੁਲਿਸ ਹੁਣ ਹਾਦਸੇ ਦੇ ਅਸਲ ਕਾਰਨਾਂ ਦੀ ਜਾਂਚ ਕਰ ਰਹੀ ਹੈ।

# ਪਹਿਲੇ ਸਫ਼ੇ ਦੀ ਬਾਕੀ

## ਸੜਕ ਹਾਦਸੇ 'ਚ ਸਾਬਕਾ ਉਪ ਰਾਸ਼ਟਰਪਤੀ ਦੇ ਕਾਫ਼ਲੇ ਦੀ ਗੱਡੀ ਟਕਰਾਈ

ਅਚਾਨਕ ਟਾਇਰ ਫਟਣ ਕਾਰਨ ਉਹ ਬੇਕਾਬੂ ਹੋ ਕੇ ਰੁਕ ਗਈ। ਇਸ ਕਾਰਨ ਪਿੱਛੇ ਤੋਂ ਆ ਰਹੀ ਇੱਕ ਵੈਗਨਆਰ ਗੱਡੀ ਦੀ ਉਸ ਨਾਲ ਜ਼ੋਰਦਾਰ ਟੱਕਰ ਹੋ ਗਈ। ਇਸੇ ਦੌਰਾਨ ਪਿੱਛੇ ਤੋਂ ਸ੍ਰੀ ਜਗਦੀਪ ਧਨਖੜ ਜੀ ਦਾ ਕਾਫਲਾ ਜੈਪੁਰ ਵੱਲ ਜਾ ਰਿਹਾ ਸੀ। ਹਾਦਸੇ ਵਾਲੀ ਥਾਂ'ਤੇ ਪਹੁੰਚ ਕੇ ਪਾਇਲਟ ਗੱਡੀ ਨੇ ਅਚਾਨਕ ਬ੍ਰੇਕ ਲਗਾ ਦਿੱਤੀ, ਜਿਸ ਕਾਰਨ ਕਾਫਲੇ ਦੀ ਐਸਕੋਰਟ ਅਰਟਿਗਾ ਗੱਡੀ ਵੀ ਟਕਰਾ ਗਈ। ਹਾਦਸੇ ਵਿੱਚ ਕੋਈ ਵੀ ਵਿਅਕਤੀ ਗੰਭੀਰ ਜ਼ਖ਼ਮੀ ਨਹੀਂ ਹੋਇਆ ਹੈ ਅਤੇ ਸਾਰੇ ਸੁਰੱਖਿਅਤ ਹਨ। ਪੁਲੀਸ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਸੰਭਾਲਿਆ ਅਤੇ ਸਾਰੀਆਂ ਗੱਡੀਆਂ ਨੂੰ ਸੜਕ ਤੋਂ ਹਟਾ ਕੇ ਆਵਾਜਾਈ ਬਹਾਲ ਕਰ ਦਿੱਤੀ। ਪੁਲਿਸ ਨੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਭਾਜਪਾ ਬਣੀ ਲੋਕਾਂ ਦੀ ਪਹਿਲੀ ਪਸੰਦ, ਵਿਕਾਸ ਚਾਹੁੰਦੇ ਦੇਸ਼ ਦਾ ਵੋਟਰ: ਮੋਦੀ

ਪੀ.ਐਮ. ਮੋਦੀ ਨੇ ਕਿਹਾ ਕਿ ਕਾਂਗਰਸ ਨੇ ਲੋਕਾਂ ਦਾ ਭਰੋਸਾ ਗੁਆ ਦਿੱਤਾ, ਕਿਉਂਕਿ ਉਹ ਨਕਾਰਾਤਮਕ ਰਾਜਨੀਤੀ ਦਾ ਸੰਦੇਸ਼ ਦਿੰਦੀ ਹੈ ਅਤੇ ਹੁਣ ਦੇਸ਼ ਚ ਵੋਟਰਾਂ ਦੀ ਪਹਿਲੀ ਪਸੰਦ ਭਾਰਤੀ ਜਨਤਾ ਪਾਰਟੀ (ਭਾਜਪਾ) ਹੈ। ਉਨ੍ਹਾਂ ਕਿਹਾ,ਵੋਟਰ ਚੰਗੇ ਸ਼ਾਸਨ ਅਤੇ ਵਿਕਾਸ ਲਈ ਭਾਜਪਾ 'ਤੇ ਭਰੋਸਾ ਕਰਦੇ ਹਨ। ਬਿਹਾਰ ਚੋਣਾਂ ਲੋਕਾਂ ਨੇ 20 ਸਾਲ ਸੱਤਾ 'ਚ ਰਹਿਣ ਤੋਂ ਬਾਅਦ ਵੀ ਪਾਰਟੀ ਨੂੰ ਰਿਕਾਰਡ ਗਿਣਤੀ 'ਚ ਵੋਟ ਅਤੇ ਸੀਟ ਦਿੱਤੀਆਂ।ਪੀ.ਐਮ. ਮੋਦੀ ਨੇ ਕਿਹਾ ਕਿ ਮਹਾਰਾਸ਼ਟਰ ਦੀਆਂ ਨਗਰ ਨਿਗਮ ਚੋਣਾਂ 'ਚ ਵੀ ਲੋਕਾਂ ਨੇ ਭਾਜਪਾ ਨੂੰ ਵੋਟ ਦਿੱਤਾ ਅਤੇ ਕੇਰਲ 'ਚ ਵੀ ਹੁਣ ਸਾਡੇ ਕੋਲ ਪਾਰਟੀ ਦਾ ਇਕ ਮੇਅਰ ਹੈ। ਪ੍ਰਧਾਨ ਮੰਤਰੀ ਨਗਾਂਵ ਜ਼ਿਲ੍ਹੇ 'ਚ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਇਸ ਦੌਰਾਨ 6,957 ਕਰੋੜ ਰੁਪਏ ਦੀ ਕਾਜ਼ੀਰੰਗਾ ਐਲੀਵੇਟੇਡ ਕੋਰੀਡੋਰ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ ਅਤੇ 2 ਅੰਮ੍ਰਿਤ ਭਾਰਤ ਟਰੇਨਾਂ ਨੂੰ ਡਿਜੀਟਲ ਮਾਧਿਅਮ ਨਾਲ ਹਰੀ ਝੰਡੀ ਦਿਖਾਈ।

## ਪ੍ਰਧਾਨ ਮੰਤਰੀ ਵੱਲੋਂ ਕਾਜ਼ੀਰੰਗਾ ਕੋਰੀਡੋਰ ਦਾ ਨੀਂਹ ਪੱਥਰ

ਇਸ ਦਾ ਮੁੱਖ ਉਦੇਸ਼ ਰਾਸ਼ਟਰੀ ਰਾਜਮਾਰਗ-715 ਤੇ ਹੋਣ ਵਾਲੇ ਸੜਕ ਹਾਦਸਿਆਂ ਨੂੰ ਰੋਕਣਾ ਅਤੇ ਈਕੋ-ਟੂਰਿਜ਼ਮ (ਈਕੋ ਸੈਰ-ਸਪਾਟਾ) ਨੂੰ ਉਤਸ਼ਾਹਿਤ ਕਰਨਾ ਹੈ। ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ ਕਿ ਇਹ ਪ੍ਰਾਜੈਕਟ ਖਾਸ ਤੌਰ 'ਤੇ ਮਾਨਸੂਨ ਦੇ ਸਮੇਂ ਜਾਨਵਰਾਂ ਦੀ ਸੁਰੱਖਿਆ 'ਚ ਮਹੱਤਵਪੂਰਨ ਯੋਗਦਾਨ ਪਾਵੇਗਾ। ਇਸ ਨਾਲ ਸਥਾਨਕ ਲੋਕਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ। ਇਹ ਕੋਰੀਡੋਰ ਲੱਗਭੱਗ 34.45 ਕਿਲੋਮੀਟਰ ਲੰਬਾ ਹੋਵੇਗਾ ਅਤੇ ਇਹ ਜੰਗਲੀ ਜੀਵਾਂ ਦੇ ਅਨੁਕੂਲ ਤਿਆਰ ਕੀਤਾ ਜਾਵੇਗਾ। ਇਹ ਪ੍ਰਾਜੈਕਟ ਰਾਸ਼ਟਰੀ ਰਾਜਮਾਰਗ-715 ਦੇ ਕਲਿਆਬੋਰ-ਨੁਮਲੀਗੜ੍ਹ ਖੰਡ ਨੂੰ ਚੌੜਾ ਕਰਨ ਦੀ ਮੁਹਿੰਮ ਦਾ ਹਿੱਸਾ ਹੈ। ਇਸ ਦੇ ਨਾਲ ਹੀ ਜਖਲਾਬੰਧਾ ਅਤੇ ਬੋਕਾਖਾਤ 'ਚ ਬਾਈਪਾਸ ਵੀ ਬਣਾਏ ਜਾਣਗੇ।ਪ੍ਰਧਾਨ ਮੰਤਰੀ ਨੇ 2 ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈੱਸ ਟਰੇਨਾਂ-ਡਿਬਰੂਗੜ੍ਹ-ਗੋਮਤੀ ਨਗਰ (ਲਖਨਊ) ਅਤੇ ਕਾਮਾਖਿਆ-ਰੋਹਤਕ ਨੂੰ ਵੀ ਹਰੀ ਝੰਡੀ ਦਿਖਾਈ। ਇਹ ਟਰੇਨਾਂ ਆਸਾਮ ਅਤੇ ਪੱਛਮੀ ਬੰਗਾਲ, ਬਿਹਾਰ, ਉੱਤਰ ਪ੍ਰਦੇਸ਼, ਦਿੱਲੀ ਅਤੇ ਹਰਿਆਣਾ ਵਰਗੇ ਸੂਬਿਆਂ ਵਿਚਕਾਰ ਰੇਲ ਸੰਪਰਕ ਨੂੰ ਮਜ਼ਬੂਤ ਕਰਨਗੀਆਂ। ਅਧਿਕਾਰੀਆਂ ਅਨੁਸਾਰ, ਇਨ੍ਹਾਂ ਟਰੇਨਾਂ ਨਾਲ ਯਾਤਰਾ ਦਾ ਸਮਾਂ ਘੱਟ ਜਾਵੇਗਾ ਅਤੇ ਯਾਤਰੀਆਂ ਨੂੰ ਆਧੁਨਿਕ ਸਹੂਲਤਾਂ ਮਿਲਣਗੀਆਂ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

## ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰੂ ਸਾਹਿਬਾਨ ਦੀ ਥਾਂ ਸੁਖਬੀਰ ਬਾਦਲ ਦੇ ਬਣੇ ਹੋਏ ਨੇ ਸਿਪਾਹੀ ਜੋ ਪੰਥ ਲਈ ਬਹੁਤ ਮੰਦਭਾਗਾ: ਮਾਨ

ਕਿਹਾ ਕਿ ਇਹ ਡਰ ਹੁਣ ਪੂਰੀ ਤਰ੍ਹਾਂ ਖਤਮ ਹੋ ਗਿਆ ਹੈ, ਕਿਉਂਕਿ ਹੁਣ ਲੋਕਾਂ ਦਾ ਰਾਜ ਹੈ ਅਤੇ ਉਨ੍ਹਾਂ ਨੇ ਅਜਿਹੀ ਸੌੜੀ ਰਾਜਨੀਤੀ ਨੂੰ ਨਿਰਣਾਇਕ ਤੌਰ 'ਤੇ ਸੂਬੇ ਵਿੱਚੋਂ ਬਾਹਰ ਦਾ ਰਸਤਾ ਦਿਖਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੇ ਮਜੀਠੀਆ ਅਤੇ ਬਾਦਲ ਪਰਿਵਾਰਾਂ ਵੱਲੋਂ ਚਲਾਈ ਜਾ ਰਹੀ ਡਰਾਉਣ-ਧਮਕਾਉਣ ਵਾਲੀ ਰਾਜਨੀਤੀ ਨੂੰ ਦਰਕਿਨਾਰ ਕਰਕੇ ਇਕ ਨਵਾਂ ਰਾਹ ਚੁਣਿਆ ਹੈ। ਉਨ੍ਹਾਂ ਕਿਹਾ, "ਇਹੀ ਮਜੀਠਾ ਇਲਾਕਾ ਕਦੇ ਉਨ੍ਹਾਂ ਲੋਕਾਂ ਦੇ ਕਬਜੇ ਵਿੱਚ ਸੀ ਜਿਨ੍ਹਾਂ ਨੇ 1919 ਵਿੱਚ ਜੱਲ੍ਹਿਆਂਵਾਲਾ ਬਾਗ ਕਤਲੇਆਮ ਵਾਲੇ ਦਿਨ ਜਨਰਲ ਡਾਇਰ ਨੂੰ ਰਾਤ ਦੇ ਖਾਣੇ 'ਤੇ ਬੁਲਾਇਆ ਸੀ। ਅਜਿਹੇ ਵਿਸਵਾਸਘਾਤ ਭਰੇ ਗੁਨਾਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਪੰਜਾਬ ਦੇ ਲੋਕ ਉਨ੍ਹਾਂ ਲੋਕਾਂ ਨੂੰ ਕਦੇ ਮੁਆਫ ਨਹੀਂ ਕਰਨਗੇ, ਜਿਨ੍ਹਾਂ ਦੇ ਹੱਥ ਮਾਸੂਮ ਲੋਕਾਂ ਦੇ ਖ਼ੂਨ ਨਾਲ ਰੰਗੇ ਹੋਏ ਸਨ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੇਤਾਵਨੀ ਦਿੱਤੀ ਕਿ ਅਕਾਲੀ ਦਲ ਨੂੰ ਸੱਤਾ ਵਿੱਚ ਵਾਪਸ ਲਿਆਉਣ ਦਾ ਭਾਵ ਪੰਜਾਬ ਨੂੰ ਹਨੇਰ ਯੁੱਗ ਵਿੱਚ ਵਾਪਸ ਧੱਕਣਾ ਹੋਵੇਗਾ। ਉਨ੍ਹਾਂ ਕਿਹਾ, "ਇਸ ਦਾ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੁਬਾਰਾ 'ਬੇਅਦਬੀ', ਨਿਰਦੋਸ ਪ੍ਰਦਰਸਨਕਾਰੀਆਂ 'ਤੇ ਗੋਲੀਬਾਰੀ ਅਤੇ ਆਮ ਲੋਕਾਂ ਵਿਰੁੱਧ ਅੱਤਿਆਚਾਰ ਵੱਲ ਵਧਣ ਦੇ ਬਰਾਬਰ ਹੋਵੇਗਾ।"

ਉਨ੍ਹਾਂ ਅੱਗੇ ਕਿਹਾ ਕਿ ਅਕਾਲੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਮਾੜੇ ਕੰਮਾਂ ਕਾਰਨ ਹੀ ਸੂਬਾ ਸਰਕਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਹੋਏ 328 ਸਰੂਪਾਂ ਦੀ ਜਾਂਚ ਲਈ ਵਿਸੇਸ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕਰਨ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਕਿਹਾ, "ਸਾਡਾ ਇੱਕੋ ਇੱਕ ਉਦੇਸ ਗੁੰਮ ਹੋਏ ਸਰੂਪਾਂ ਦਾ ਪਤਾ ਲਾਉਣਾ ਹੈ। ਸਾਡਾ ਧਾਰਮਿਕ ਸੰਸਥਾਵਾਂ ਵਿੱਚ ਦਖਲ ਦੇਣ ਦਾ ਕੋਈ ਇਰਾਦਾ ਨਹੀਂ ਹੈ।" ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਆਪਣੀਆਂ ਮੁੱਢਲੀਆਂ ਜ਼ਿੰਮੇਵਾਰੀਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਐਸ.ਜੀ.ਪੀ.ਸੀ. ਮੁਖੀ ਸਿਆਸੀ ਰੈਲੀਆਂ ਦੇ ਪ੍ਰਬੰਧ ਕਰਨ ਵਿੱਚ ਰੁੱਝੇ ਹੋਏ ਸਨ। ਉਨ੍ਹਾਂ ਕਿਹਾ, "ਆਪਣੇ ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਸਿਪਾਹੀ ਕਹਿਣ ਦੀ ਬਜਾਏ, ਉਹ ਮਾਣ ਨਾਲ ਆਪਣੇ ਆਪ ਨੂੰ ਸੁਖਬੀਰ ਸਿੰਘ ਬਾਦਲ ਦਾ ਸਿਪਾਹੀ ਕਹਿੰਦੇ ਹਨ। ਅਜਿਹੇ ਵਿਅਕਤੀ ਤੋਂ ਭਲੇ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ, ਜੋ ਕਿਸੇ ਅਜਿਹੇ ਵਿਅਕਤੀ ਦੀ ਸੇਵਾ ਕਰਨ 'ਤੇ ਮਾਣ ਕਰਦਾ ਹੈ ਜਿਸ ਨੇ ਆਪਣੀਆਂ ਹਰਕਤਾਂ ਨਾਲ ਪੰਜਾਬ ਨੂੰ ਬਰਬਾਦ ਕਰ ਦਿੱਤਾ ਹੋਵੇ।"

ਮੁੱਖ ਮੰਤਰੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਨੂੰ ਜ਼ਿਕਰ ਕਰਦਿਆਂ ਕਿਹਾ, "ਸ੍ਰੀ ਅਕਾਲ ਤਖਤ ਸਾਹਿਬ ਸਾਡੇ ਸਾਰਿਆਂ ਤੋਂ ਉੱਪਰ ਹਨ। ਇਸੇ ਲਈ ਮੈਂ ਭਾਰਤ ਦੇ ਰਾਸਟਰਪਤੀ ਦੇ ਸਮਾਗਮ ਵਿੱਚ ਸਾਮਲ ਹੋਣ ਦੀ ਬਜਾਏ ਤਖਤ ਸਾਹਿਬ ਅੱਗੇ ਪੇਸ ਹੋਇਆ।" ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਉਲਟ, ਅਕਾਲੀਆਂ ਨੇ ਵਾਰ-ਵਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵਉੱਚਤਾ ਨੂੰ ਢਾਹ ਲਾਈ। ਉਨ੍ਹਾਂ ਕਿਹਾ, "ਜਥੇਦਾਰਾਂ ਨੂੰ ਆਪਣੀ ਮਰਜੀ ਨਾਲ ਨਿਯੁਕਤ ਕੀਤਾ ਅਤੇ ਅਹੁਦੇ ਤੋਂ ਹਟਾਇਆ ਗਿਆ, ਜਿਸ ਨਾਲ ਇਨ੍ਹਾਂ ਸੰਸਥਾਵਾਂ ਦੀ ਪਵਿੱਤਰਤਾ ਨੂੰ ਭਾਰੀ ਸੱਟ ਵੱਜੀ ਹੈ।" ਉਨ੍ਹਾਂ ਨੇ ਇਹ ਵੀ ਟਿੱਪਣੀ ਕੀਤੀ ਕਿ ਕਾਂਗਰਸੀ ਆਗੂ ਲਗਾਤਾਰ ਹਾਰਾਂ ਦਾ ਸਾਹਮਣਾ ਕਰਨ ਤੋਂ ਬਾਅਦ ਆਪਣਾ ਸਿਆਸੀ ਸੰਤੁਲਨ ਗੁਆ ਚੁੱਕੇ ਹਨ।

ਆਪਣੀ ਸਰਕਾਰ ਦੀਆਂ ਲੋਕ-ਪੱਖੀ ਪਹਿਲਕਦਮੀਆਂ ਨੂੰ ਉਜਾਗਰ ਕਰਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮਾਰਚ 2022 ਵਿੱਚ ਸੱਤਾ ਸੰਭਾਲਣ ਤੋਂ ਬਾਅਦ, ਸਾਡਾ ਪਹਿਲਾ ਫੈਸਲਾ 90 ਫ਼ੀਸਦੀ ਘਰਾਂ ਨੂੰ ਮੁਫਤ ਬਿਜਲੀ ਪ੍ਰਦਾਨ ਕਰਨਾ ਸੀ।" ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਹੁਣ ਨਿਰਵਿਘਨ ਬਿਜਲੀ ਸਪਲਾਈ ਮਿਲ ਰਹੀ ਹੈ, ਜਿਸ ਨਾਲ ਉਨ੍ਹਾਂ ਨੂੰ ਠੰਢੀਆਂ ਰਾਤਾਂ ਵਿੱਚ ਆਪਣੇ ਖੇਤਾਂ ਦੀ ਸਿੰਚਾਈ ਲਈ ਬਾਹਰ ਨਹੀਂ ਜਾਣਾ ਪੈਂਦਾ। ਉਨ੍ਹਾਂ ਕਿਹਾ, "ਪੰਜਾਬ ਅੱਜ ਬਿਜਲੀ ਦੀ ਬਹੁਤਾਤ ਵਾਲਾ ਸੂਬਾ ਹੈ। ਲੋੜੀਂਦੀ ਕੋਲੇ ਦੀ ਸਪਲਾਈ ਅਤੇ ਪੂਰੀ ਤਰ੍ਹਾਂ ਕਾਰਜਸੀਲ ਥਰਮਲ ਪਲਾਂਟਾਂ ਦੇ ਨਾਲ, ਪੰਜਾਬ ਦੇਸ ਵਿੱਚ ਮੋਹਰੀ ਸੂਬਾ ਬਣ ਕੇ ਉੱਭਰ ਰਿਹਾ ਹੈ।"

ਕਾਂਗਰਸ ਆਗੂ ਰਾਹੁਲ ਗਾਂਧੀ 'ਤੇ ਨਿਸਾਨਾ ਸਾਧਦੇ ਹੋਏ ਮੁੱਖ ਮੰਤਰੀ ਨੇ ਕਿਹਾ, "ਕੁਝ ਆਗੂ ਗਰੀਬ ਵਿਅਕਤੀ ਦੇ ਘਰ ਇੱਕ ਰਾਤ ਰਹਿਣਾ ਇੱਕ ਨਵੀਂ ਗੱਲ ਸਮਝਦੇ ਹਨ। ਮੈਂ ਖੁਦ ਇੱਕ ਆਮ ਆਦਮੀ ਹਾਂ ਅਤੇ ਮੈਂ ਆਮ ਲੋਕਾਂ ਦੇ ਰੋਜਾਨਾ ਦੇ ਸੰਘਰਸਾਂ ਨੂੰ ਚੰਗੀ ਤਰ੍ਹਾਂ ਸਮਝਦਾ ਹਾਂ।" ਉਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸਹੀਦੀ ਦਿਵਸ ਨੂੰ ਸਮਰਪਿਤ ਹਾਲ ਹੀ ਵਿੱਚ ਹੋਏ ਸਮਾਗਮਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੀ ਮਹਾਨ ਵਿਰਾਸਤ ਨੂੰ ਸੰਭਾਲਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਅਮੀਰ ਵਿਰਸੇ ਤੋਂ ਵਿਦਿਆਰਥੀਆਂ ਨੂੰ ਜਾਣੂੰ ਕਰਵਾਉਣ ਲਈ ਅਜਿਹੀਆਂ ਹੋਰ ਪਹਿਲਕਦਮੀਆਂ ਕੀਤੀਆਂ ਜਾਣਗੀਆਂ।

ਸਰਹੱਦੀ ਵਸਨੀਕਾਂ ਨੂੰ ਸੱਚੇ ਦੇਸ ਭਗਤ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਭਲਾਈ ਵੱਲ ਵਿਸੇਸ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ, "ਸਰਹੱਦੀ ਪੱਟੀ ਦੇ ਕਿਸਾਨਾਂ ਲਈ ਇੱਕ ਵੱਡੀ ਰਾਹਤ ਵਜੋਂ, ਕੇਂਦਰ ਸਰਕਾਰ ਨੇ ਸਰਹੱਦੀ ਵਾੜ ਨੂੰ ਕੌਮਾਂਤਰੀ ਸਰਹੱਦ ਦੇ ਨੇੜੇ ਤਬਦੀਲ ਕਰਨ ਲਈ ਸਿਧਾਂਤਕ ਤੌਰ 'ਤੇ ਪ੍ਰਵਾਨਗੀ ਦੇ ਦਿੱਤੀ ਹੈ।" ਉਨ੍ਹਾਂ ਕਿਹਾ ਕਿ ਇਸ ਨਾਲ ਕਿਸਾਨ ਵਾੜ ਤੋਂ ਪਰੇ ਹਜਾਰਾਂ ਏਕੜ ਜਮੀਨ 'ਤੇ ਬੇਰੋਕ ਖੇਤੀ ਕਰ ਸਕਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਹ ਮੁੱਦਾ ਕੇਂਦਰੀ ਗ੍ਰਹਿ ਮੰਤਰੀ ਕੋਲ ਉਠਾਉਂਦਿਆਂ ਕਿਸਾਨਾਂ ਨੂੰ ਦਰਪੇਸ ਰੋਜਾਨਾ ਮੁਸਕਲਾਂ ਵੱਲ ਧਿਆਨ ਦਵਾਇਆ ਜਿਨ੍ਹਾਂ ਨੂੰ 532 ਕਿਲੋਮੀਟਰ ਲੰਬੀ ਭਾਰਤ-ਪਾਕਿਸਤਾਨ ਸਰਹੱਦ 'ਤੇ ਆਪਣੇ ਖੇਤਾਂ ਤੱਕ ਜਾਣ ਲਈ ਬੀ.ਐਸ.ਐਫ. ਦੀ ਸੁਰੱਖਿਆ ਹੇਠ ਵਾੜ ਪਾਰ ਕਰਨ ਲਈ ਮਜਬੂਰ ਹੋਣਾ ਪੈਂਦਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਮਜੀਠਾ ਹਲਕੇ ਵਿੱਚ 11.32 ਕਰੋੜ ਰੁਪਏ ਦੀ ਲਾਗਤ ਨਾਲ 23 ਪੇਂਡੂ ਲਿੰਕ ਸੜਕਾਂ ਦਾ ਨਵੀਨੀਕਰਨ ਕੀਤਾ ਜਾਵੇਗਾ। ਉਨ੍ਹਾਂ ਕਿਹਾ "ਮਜੀਠਾ ਹਲਕੇ ਦੇ ਕਈ ਪਿੰਡਾਂ ਵਿੱਚ ਲਿੰਕ ਸੜਕਾਂ ਦੇ ਨਵੀਨੀਕਰਨ ਲਈ 11.32 ਕਰੋੜ ਰੁਪਏ ਦੇ ਪ੍ਰੋਜੈਕਟ ਸੁਰੂ ਕੀਤੇ ਗਏ ਹਨ। ਇਸ ਵਿੱਚੋਂ ਅਗਲੇ ਪੰਜ ਸਾਲਾਂ ਦੌਰਾਨ 9.94 ਕਰੋੜ ਰੁਪਏ ਸੜਕਾਂ ਦੇ ਨਵੀਨੀਕਰਨ 'ਤੇ ਅਤੇ 1.38 ਕਰੋੜ ਰੁਪਏ ਉਨ੍ਹਾਂ ਦੀ ਸਾਂਭ-ਸੰਭਾਲ 'ਤੇ ਖਰਚ ਕੀਤੇ ਜਾਣਗੇ। ਇਹਨਾਂ ਸੜਕਾਂ ਦੀ ਹਾਲਤ ਬਹੁਤ ਖਸਤਾ ਸੀ, ਜਿਸ ਕਾਰਨ ਆਉਣ-ਜਾਣ ਵਾਲਿਆਂ ਅਤੇ ਕਿਸਾਨਾਂ ਨੂੰ ਆਪਣੀ ਉਪਜ ਮੰਡੀਆਂ ਵਿੱਚ ਲਿਜਾਣ ਲਈ ਭਾਰੀ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ।" ਉਨ੍ਹਾਂ ਆਸ ਪ੍ਰਗਟਾਈ ਕਿ ਇਨ੍ਹਾਂ ਸੜਕਾਂ ਦੇ ਨਵੀਨੀਕਰਨ ਨਾਲ ਮਜੀਠਾ ਅਤੇ ਆਸ ਪਾਸ ਦੇ ਇਲਾਕਿਆਂ ਦੇ ਵਸਨੀਕਾਂ ਨੂੰ ਕਾਫੀ ਲਾਭ ਹੋਵੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ ਲਿੰਕ ਸੜਕਾਂ ਦੀ ਮੁਰੰਮਤ ਅਤੇ ਅਪਗ੍ਰੇਡ ਕਰਨ ਸਬੰਧੀ ਇੱਕ ਵਿਆਪਕ ਪ੍ਰੋਗਰਾਮ ਸੁਰੂ ਕੀਤਾ ਹੈ। ਉਨ੍ਹਾਂ ਕਿਹਾ, "ਪੰਜਾਬ ਵਿੱਚ ਲਗਭਗ 43,000 ਕਿਲੋਮੀਟਰ ਲਿੰਕ ਸੜਕਾਂ ਹਨ। ਇਨ੍ਹਾਂ ਦੀ ਮੁਰੰਮਤ ਦੇ ਨਾਲ-ਨਾਲ, ਅਸੀਂ ਅਗਲੇ ਪੰਜ ਸਾਲਾਂ ਲਈ ਉਨ੍ਹਾਂ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ ਦਾ ਇਤਿਹਾਸਕ ਫੈਸਲਾ ਲਿਆ ਹੈ।" ਉਨ੍ਹਾਂ ਕਿਹਾ ਕਿ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ, ਇੱਕ ਮੁੱਖ ਮੰਤਰੀ ਫਲਾਇੰਗ ਸਕੁਐਡ ਦਾ ਗਠਨ ਕੀਤਾ ਗਿਆ ਹੈ ਅਤੇ ਪ੍ਰਵਾਨਗੀਆਂ ਦੇਣ ਤੋਂ ਪਹਿਲਾਂ ਇੱਕ ਆਰਟੀਫੀਸੀਅਲ ਇੰਟੈਲੀਜੈਂਸ-ਅਧਾਰਤ ਸਰਵੇਖਣ ਕੀਤਾ ਗਿਆ ਸੀ ਜਿਸ ਨਾਲ 226.89 ਕਰੋੜ ਰੁਪਏ ਦੀ ਬੱਚਤ ਹੋਈ।

ਮੁੱਖ ਮੰਤਰੀ ਨੇ ਕਿਹਾ, "ਇਹ ਪੈਸਾ ਪਹਿਲਾਂ ਪਿਛਲੀਆਂ ਸਰਕਾਰਾਂ ਦੇ ਆਗੂਆਂ ਵੱਲੋਂ ਲੁੱਟਿਆ ਗਿਆ ਸੀ।" ਉਨ੍ਹਾਂ ਕਿਹਾ, "ਇਸ 'ਤੇ ਰੋਕ ਲਗਾ ਕੇ ਅਸੀਂ ਹੁਣ ਇਨ੍ਹਾਂ ਫੰਡਾਂ ਦੀ ਵਰਤੋਂ ਪੰਜਾਬ ਦੇ ਵਿਕਾਸ ਅਤੇ ਇਸ ਦੇ ਲੋਕਾਂ ਦੀ ਖੁਸਹਾਲੀ ਲਈ ਕਰ ਰਹੇ ਹਾਂ।" ਉਨ੍ਹਾਂ ਅੱਗੇ ਕਿਹਾ ਕਿ ਆਮ ਆਦਮੀ ਕਲੀਨਿਕ, ਸਕੂਲ ਆਫ ਐਮੀਨੈਂਸ ਅਤੇ ਮੁਫਤ ਬਿਜਲੀ ਵਰਗੀਆਂ ਪਹਿਲਕਦਮੀਆਂ ਸਦਕਾ ਪੰਜਾਬ ਵਿੱਚ ਪ੍ਰਸਾਸਨ ਹੁਣ ਪੂਰੀ ਤਰ੍ਹਾਂ ਜਨਤਕ ਭਲਾਈ 'ਤੇ ਕੇਂਦ੍ਰਿਤ ਹੈ।

ਇਸ ਤੋਂ ਪਹਿਲਾਂ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਮੁੱਖ ਮੰਤਰੀ ਅਤੇ ਹੋਰ ਪਤਵੰਤਿਆਂ ਦਾ ਸਵਾਗਤ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ., ਵਿਧਾਇਕ ਸਰਵਣ ਸਿੰਘ ਧੁੰਨ, ਸੀਨੀਅਰ ਆਪ ਆਗੂ ਤਲਬੀਰ ਸਿੰਘ ਗਿੱਲ ਅਤੇ ਹੋਰ ਆਗੂ ਮੌਜੂਦ ਸਨ।

## ਮਜੀਠਾ ਹਲਕੇ ਤੋਂ ਤਲਬੀਰ ਗਿੱਲ ਹੋਣਗੇ 'ਆਪ' ਦੇ ਉਮੀਦਵਾਰ

ਤੋਂ ਸਾਲ 2022 'ਚ ਚੋਣ ਲੜੀ ਸੀ। ਤਲਬੀਰ ਗਿੱਲ ਨੇ 4 ਮਾਰਚ, 2024 ਨੂੰ ਭਗਵੰਤ ਮਾਨ ਦੀ ਅਗਵਾਈ 'ਚ 'ਆਪ' ਦਾ ਪੱਲਾ ਫੜ ਲਿਆ ਸੀ। ਆਮ ਆਦਮੀ ਪਾਰਟੀ ਨੇ ਮਜੀਠਾ 'ਚ ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ 'ਚ ਵੱਡੀ ਜਿੱਤ ਹਾਸਲ ਕੀਤੀ ਸੀ। ਅਗਲੀ ਵਿਧਾਨ ਸਭਾ ਚੋਣ 'ਚ ਹੁਣ 'ਆਪ' ਦੇ ਤਲਬੀਰ ਸਿੰਘ ਗਿੱਲ ਵਿਰੋਧੀ ਉਮੀਦਵਾਰਾਂ ਨੂੰ ਟੱਕਰ ਦੇਣਗੇ। ਅੱਜ ਮਜੀਠਾ ਸਮਾਗਮਾਂ 'ਚ ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਨੂੰ ਨਿਸ਼ਾਨੇ 'ਤੇ ਲਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਤਾਂ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਬੰਧਾਂ 'ਚ ਜੁਟੀ ਹੋਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਤਾਂ ਹਮੇਸ਼ਾ ਅਕਾਲੀ ਕਾਨਫ਼ਰੰਸਾਂ ਦੇ ਇੰਤਜ਼ਾਮਾਂ 'ਚ ਜੁਟੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਚੰਗਾ ਹੁੰਦਾ ਕਿ ਜੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਗੁਰੂ ਜੀ ਦਾ ਸਿਪਾਹੀ ਹੁੰਦਾ ਪਰ ਅਫ਼ਸੋਸ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਾ ਸਿਪਾਹੀ ਦੱਸ ਰਿਹਾ ਹੈ।

## ਸੂਬੇ 'ਚ ਨਸ਼ਿਆਂ ਤੇ ਗੈਂਗਸਟਰਾਂ ਕਾਰਨ ਦੋਹਰੀ ਚੁਣੌਤੀ: ਕਟਾਰੀਆ

ਦੀ ਖੁੱਲ੍ਹ ਲਈ ਮੰਗ ਪੱਤਰ ਦਿੱਤਾ। ਕਟਾਰੀਆ ਇਥੇ ਸੁਦੇਸ਼ ਭੰਡਾਰੀ ਚੇਰੀਟੇਬਲ ਟਰਸਟ ਵੱਲੋਂ ਕਰਵਾਏ ਸੀ.ਪੀ.ਆਰ. (ਕਾਰਡੀਓ ਪਲਮਨਰੀ ਰੇਸੁਸਕਿਟੇਸ਼ਨ) ਸਿਖਲਾਈ ਕੈਂਪ 'ਚ ਸ਼ਿਰਕਤ ਕਰਨ ਪੁੱਜੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਹੀ ਸੂਬੇ ਦੇ ਵਿਕਾਸ ਲਈ ਸਭ ਤੋਂ ਵੱਡਾ ਆਧਾਰ ਹੈ। ਉਨ੍ਹਾਂ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸੂਬੇ 'ਚ ਹਰ ਰੋਜ਼ ਕਿਤੇ ਨਾ ਕਿਤੇ ਗੋਲੀਬਾਰੀ ਦੀਆਂ ਘਟਨਾਵਾਂ ਹੋ ਰਹੀਆਂ ਹਨ ਅਤੇ ਗੈਂਗਸਟਰ ਚਣੌਤੀ ਬਣੇ ਹੋਏ ਹਨ ਜਿਸ ਲਈ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਨਸ਼ਿਆਂ ਤੇ ਗੈਂਗਸਟਰਾਂ ਖ਼ਿਲਾਫ਼ ਹੋਰ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਇਥੇ ਬੀ.ਕੇ.ਯੂ. ਕਾਦੀਆਂ ਆਗੂ ਨਿਰਮਲ ਸਿੰਘ ਮਾਣੂੰਕੇ ਅਤੇ ਖੇਤੀ ਵਿਗਿਆਨੀ ਡਾ.ਜਸਵਿੰਦਰ ਸਿੰਘ ਬਰਾੜ ਦੀ ਅਗਵਾਈ ਹੇਠ ਵਫ਼ਦ ਨੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕਰਕੇ ਕਿਹਾ ਕਿ ਭਾਰਤ ਮਾਲਾ ਸੜਕ ਪਰਿਯੋਜਨਾ ਅਤੇ ਕੌਮੀ ਸੜਕੀ ਆਵਾਜਾਈ ਪ੍ਰੋਜੈਕਟਾਂ ਤਹਿਤ ਕਿਸਾਨਾ ਦੀ ਜ਼ਮੀਨ ਐਕੁਵਾਇਰ ਕੀਤੀ ਜਾਂਦੀ ਹੈ। ਉਨ੍ਹਾਂ ਕਿਸਾਨਾਂ ਨੂੰ ਦੇਸ਼ ਦੇ ਕਿਸੇ ਵੀ ਸੂਬੇ ਵਿਚ ਜ਼ਮੀਨ ਖਰੀਦ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਹੋਰ ਕਿਸਾਨੀ ਮੰਗਾਂ, ਸੂਬੇ 'ਚ ਅਮਨ ਕਾਨੂੰਨ ਸਥਿਤੀ, ਗੈਂਗਵਾਰ ਨੂੰ ਸਖ਼ਤੀ ਨਾਲ ਨੱਥ ਪਾਉਣ ਲਈ ਮੰਗ ਪੱਤਰ ਦਿੱਤਾ ਗਿਆ।

## ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵੱਲੋਂ ਯੂਕੇ ਦੀਆਂ ਸਿੱਖ ਸੰਸਥਾਵਾਂ....

ਇਸ ਦੀ ਟੀਮ ਨੂੰ ਲਿਖਤੀ ਸਮਾਂ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ ਪੰਜ ਸਿੰਘ ਸਾਹਿਬਾਨ ਦੀ ਹਾਜਰੀ ਵਿਚ ਨਿੱਜੀ ਰੂਪ ਵਿਚ ਪੇਸ਼ ਹੋ ਕੇ ਗੁਰੂ ਪੰਥ ਪਾਸੋਂ ਖਿਮਾ ਜਾਚਨਾ ਲਈ ਕਿਹਾ ਗਿਆ ਸੀ, ਪਰੰਤੂ ਇਹ ਅਜੇ ਤੱਕ ਹਾਜਰ ਨਹੀਂ ਹੋਇਆ। ਇਸ ਲਈ ਸੰਗਤਾਂ ਨੂੰ ਆਦੇਸ਼ ਜਾਰੀ ਕੀਤਾ ਗਿਆ ਸੀ ਕਿ ਇਸ ਨੂੰ ਮੂੰਹ ਨਾ ਲਾਇਆ ਜਾਵੇ ਅਤੇ ਨਾ ਹੀ ਇਸ ਨੂੰ ਅੱਗੋਂ ਤੋਂ ਕੋਈ ਵੀ ਕਿਸੇ ਪ੍ਰਕਾਰ ਦਾ ਸਹਿਯੋਗ ਕੀਤਾ ਜਾਵੇ। ਇਸ ਵੱਲੋਂ ਬਣਾਏ ਜਾ ਰਿਹਾ ਸਥਾਨ ਵੀ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਅਪ੍ਰਵਾਨ ਕਰ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਜੇਕਰ ਪੰਜ ਸਿੰਘ ਸਾਹਿਬਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਆਦੇਸ਼ ਨੂੰ ਮੌਜੂਦਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵੀਚਾਰੇ ਬਗੈਰ ਹੀ ਕੋਈ ਫੈਸਲਾ ਲਿਆ ਜਾ ਸਕਦਾ ਹੈ ਤਾਂ ਫਿਰ ਮਿਤੀ 2 ਦਸੰਬਰ 2024 ਵਿੱਚ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਬਾਰੇ ਹੋਏ ਆਦੇਸ਼ ਨੂੰ ਤਾਂ ਕਿਸੇ ਸਮੇਂ ਵੀ ਖਾਰਜ ਜਾਂ ਬਦਲਾਇਆ ਜਾ ਸਕਦਾ ਹੈ।

## ਸੁਨੀਲ ਜਾਖੜ ਦੀ ਵਿਗੜੀ ਸਿਹਤ, ਹਸਪਤਾਲ 'ਚ ਕਰਵਾਇਆ ਦਾਖ਼ਲ

ਇਸ ਤੋਂ ਬਾਅਦ ਭਾਜਪਾ ਨੇਤਾ ਸੁਭਾਸ਼ ਸ਼ਰਮਾ ਦੀ ਅਗਵਾਈ ਵਿੱਚ ਇੱਕ ਵਫ਼ਦ ਸਵੇਰੇ 10:30 ਵਜੇ ਰਾਜਪਾਲ ਨਾਲ ਮੁਲਾਕਾਤ ਕੀਤੀ।

## ਮੌਨੀ ਮੱਸਿਆ 'ਤੇ ਸਵੇਰੇ 1.3 ਕਰੋੜ ਲੋਕਾਂ ਨੇ ਗੰਗਾ 'ਚ ਲਗਾਈ ਡੁਬਕੀ

ਕਿਹਾ ਕਿ ਸ਼ਰਧਾਲੂਆਂ ਨੂੰ ਸਹੀ ਰਸਤਾ ਦਿਖਾਉਣ ਲਈ ਮੇਲਾ ਪ੍ਰਸ਼ਾਸਨ ਨੇ ਥੰਮ੍ਹਾਂ 'ਤੇ ਰਿਫਲੈਕਟਿਵ ਟੇਪ ਲਗਾਈ ਹੈ ਅਤੇ ਸਿਵਲ ਡਿਫੈਂਸ ਵਲੰਟੀਅਰ ਵੀ ਸ਼ਰਧਾਲੂਆਂ ਦਾ ਮਾਰਗਦਰਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮਾਘ ਮੇਲਾ 800 ਹੈਕਟੇਅਰ ਦੇ ਖੇਤਰ ਵਿਚ 7 ਸੈਕਟਰਾਂ ਵਿਚ ਆਯੋਜਿਤ ਕੀਤਾ ਗਿਆ ਹੈ। ਮੇਲਾ ਖੇਤਰ ਵਿਚ 25,000 ਤੋਂ ਵੱਧ ਪਖਾਨੇ ਬਣਾਏ ਗਏ ਹਨ ਅਤੇ 3500 ਤੋਂ ਵੱਧ ਸਫਾਈ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਥੋੜ੍ਹੇ ਸਮੇਂ ਲਈ ਕਲਪਾਵਾਸ ਕਰਨ ਦੇ ਚਾਹਵਾਨਾਂ ਲਈ ਮਾਘ ਮੇਲੇ ਵਿਚ ਇਕ ਟੈਂਟ ਸਿਟੀ ਬਣਾਈ ਗਈ ਹੈ ਜਿੱਥੇ ਧਿਆਨ ਅਤੇ ਯੋਗਾ ਆਦਿ ਦੀਆਂ ਸਹੂਲਤਾਂ ਉਪਲਬਧ ਹਨ। ਸ਼ਰਧਾਲੂਆਂ ਦੀ ਸੁਚਾਰੂ ਆਵਾਜਾਈ ਲਈ, ਬਾਈਕ ਟੈਕਸੀ ਅਤੇ ਗੋਲਫ ਕਾਰਟ ਦੀ ਸਹੂਲਤ ਉਪਲਬਧ ਕਰਵਾਈ ਗਈ ਹੈ। ਇਸ ਦੌਰਾਨ ਪੁਲਸ ਸੁਪਰਡੈਂਟ (ਮਾਘ ਮੇਲਾ) ਨੀਰਜ ਪਾਂਡੇ ਨੇ ਕਿਹਾ ਕਿ ਸ਼ਰਧਾਲੂਆਂ ਦੀ ਸੁਰੱਖਿਆ ਅਤੇ ਸੁਚਾਰੂ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਮੇਲੇ ਦੇ ਖੇਤਰ ਵਿਚ 10,000 ਤੋਂ ਵੱਧ ਪੁਲਸ ਕਰਮਚਾਰੀ ਤਾਇਨਾਤ ਹਨ। ਉਨ੍ਹਾਂ ਕਿਹਾ ਕਿ ਭੀੜ ਪ੍ਰਬੰਧਨ ਅਤੇ ਸੁਚਾਰੂ ਆਵਾਜਾਈ ਨੂੰ ਧਿਆਨ ਵਿਚ ਰੱਖਦੇ ਹੋਏ, ਇਸ ਵਾਰ 42 ਅਸਥਾਈ ਪਾਰਕਿੰਗ ਸਥਾਨ ਹਨ ਜਿੱਥੇ ਇਕ ਲੱਖ ਤੋਂ ਵੱਧ ਵਾਹਨ ਪਾਰਕ ਕੀਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਮਾਘ ਮੇਲਾ 2025-26 ਲਈ ਕੁੱਲ 12,100 ਫੁੱਟ ਲੰਬੇ ਘਾਟ ਬਣਾਏ ਗਏ ਹਨ, ਜਿਨ੍ਹਾਂ ਵਿਚ ਸਾਰੀਆਂ ਜ਼ਰੂਰੀ ਬੁਨਿਆਦੀ ਸਹੂਲਤਾਂ ਉਪਲਬਧ ਹਨ।

## ਅਗਲੇ 10 ਤੋਂ 12 ਸਾਲਾਂ 'ਚ ਖ਼ਤਮ ਹੋ ਸਕਦੈ ਜਾਤੀਵਾਦ: ਮੋਹਨ ਭਾਗਵਤ

ਨਾਲ, ਇਹ ਪ੍ਰਣਾਲੀ ਗੁੰਝਲਦਾਰ ਹੁੰਦੀ ਗਈ ਅਤੇ ਵਿਤਕਰੇ ਦਾ ਰੂਪ ਧਾਰਨ ਕਰ ਗਈ, ਜੋ ਅੱਜ ਸਮਾਜ ਲਈ ਇੱਕ ਚੁਣੌਤੀ ਬਣ ਗਈ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ,ਜਾਤੀ ਨੂੰ ਖਤਮ ਕਰਨ ਲਈ, ਸਾਨੂੰ ਪਹਿਲਾਂ ਇਸਨੂੰ ਆਪਣੇ ਮਨਾਂ ਤੋਂ ਹਟਾਉਣਾ ਪਵੇਗਾ। ਜਿੰਨਾ ਚਿਰ ਅਸੀਂ ਮਾਨਸਿਕ ਤੌਰ ਤੇ ਜਾਤੀਆਂ ਵਿੱਚ ਵੰਡੇ ਰਹਾਂਗੇ, ਵਿਤਕਰਾ ਬਣਿਆ ਰਹੇਗਾ। ਸਵਾਲਾਂ ਦੇ ਜਵਾਬ ਦਿੰਦੇ ਹੋਏ ਸੰਘ ਮੁਖੀ ਨੇ ਸਪੱਸ਼ਟ ਕੀਤਾ ਕਿ ਆਰਐਸਐਸ ਦਾ ਉਦੇਸ਼ ਆਪਣੇ ਆਪ ਨੂੰ ਸ਼ਕਤੀਸ਼ਾਲੀ ਬਣਾਉਣਾ ਨਹੀਂ ਹੈ, ਸਗੋਂ ਚਰਿੱਤਰ ਨਿਰਮਾਣ ਰਾਹੀਂ ਰਾਸ਼ਟਰ ਨੂੰ ਇਸਦੀ ਉੱਚਤਮ ਸ਼ਾਨ ਤੱਕ ਪਹੁੰਚਾਉਣਾ ਹੈ। ਉਨ੍ਹਾਂ ਕਿਹਾ,ਸੰਘ ਕਿਸੇ ਨਾਲ ਮੁਕਾਬਲਾ ਨਹੀਂ ਕਰਦਾ; ਇਹ ਸਮਾਜ ਨੂੰ ਇਕਜੁੱਟ ਕਰਨ ਅਤੇ ਮਜ਼ਬੂਤ ਕਰਨ ਲਈ ਸਮਰਪਿਤ ਹੈ। ਉਨ੍ਹਾਂ ਨੇ ਲੋਕਾਂ ਨੂੰ ਸੰਘ ਦੇ ਕੰਮਕਾਜ ਨੂੰ ਸਮਝਣ ਲਈ ਸ਼ਾਖਾਵਾਂ ਦਾ ਨਿੱਜੀ ਤੌਰ ਤੇ ਦੌਰਾ ਕਰਨ ਦਾ ਸੱਦਾ ਦਿੱਤਾ।

## ਨਾਗੌਰ 'ਚ ਪਿੰਡ ਵਾਸੀਆਂ ਨੇ ਪਸ਼ੂ ਤਸਕਰੀ ਦੇ ਸ਼ੱਕ ਹੇਠ ਚਾਰ ਨੌਜਵਾਨਾਂ ਨੂੰ ਕੁੱਟਿਆ

ਤਸਕਰੀ ਦਾ ਸ਼ੱਕ ਪੈਦਾ ਹੋ ਗਿਆ। ਉਨ੍ਹਾਂ ਦੇ ਅਨੁਸਾਰ, ਪੁੱਛਗਿੱਛ ਦੌਰਾਨ, ਨੌਜਵਾਨਾਂ ਨੇ ਕਥਿਤ ਤੌਰ ਤੇ ਮੰਨਿਆ ਕਿ ਉਹ ਵੇਚਣ ਲਈ ਗਾਵਾਂ ਇਕੱਠੀਆਂ ਕਰ ਰਹੇ ਸਨ ਅਤੇ ਪਹਿਲਾਂ ਵੀ ਇਸੇ ਤਰ੍ਹਾਂ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਰਹੇ ਸਨ। ਜਿਵੇਂ ਹੀ ਪਸ਼ੂ ਤਸਕਰੀ ਦੀ ਖ਼ਬਰ ਫੈਲੀ, ਵੱਡੀ ਗਿਣਤੀ ਵਿਚ ਪਿੰਡ ਵਾਸੀ ਮੌਕੇ ਤੇ ਇਕੱਠੇ ਹੋ ਗਏ ਅਤੇ ਗੁੱਸੇ ਵਿਚ ਨੌਜਵਾਨਾਂ ਦੀ ਕੁੱਟਮਾਰ ਕੀਤੀ। ਸੂਚਨਾ ਤੇ ਕਾਰਵਾਈ ਕਰਦੇ ਹੋਏ, ਥਵਾਲਾ ਪੁਲਿਸ ਮੌਕੇ ਤੇ ਪਹੁੰਚੀ ਅਤੇ ਚਾਰ ਨੌਜਵਾਨਾਂ ਨੂੰ ਭੀੜ ਤੋਂ ਛੁਡਵਾਇਆ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਨੌਜਵਾਨਾਂ ਦੀ ਪਛਾਣ ਦਿਨੇਸ਼ ਸਤੀਆ, ਓਮਪ੍ਰਕਾਸ਼ ਸਤੀਆ, ਕਾਲੂ ਸਤੀਆ ਅਤੇ ਪ੍ਰਕਾਸ਼ ਧਨਕਾ ਵਜੋਂ ਹੋਈ ਹੈ, ਜੋ ਕਿ ਲਾਡਪੁਰਾ ਦੇ ਰਹਿਣ ਵਾਲੇ ਹਨ। ਉਨ੍ਹਾਂ ਦੇ ਅਨੁਸਾਰ, ਚਾਰਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ ਅਤੇ ਪੁੱਛ-ਗਿੱਛ ਕੀਤੀ ਜਾ ਰਹੀ ਹੈ।

## ਹਰਿਆਣਾ ਦੇ ਮੁੱਖ ਮੰਤਰੀ ਸੈਣੀ ਵੱਲੋਂ 'ਵਿਕਸਿਤ ਭਾਰਤ ਜੀ ਰਾਮ ਜੀ' ਮਿਸ਼ਨ ਦਾ ਆਗਾਜ਼

ਕਿਹਾ ਕਿ ਭਾਜਪਾ ਸਰਕਾਰ ਨੇ ਪਿਛਲੇ 10 ਸਾਲਾਂ ਵਿੱਚ ਮਜ਼ਦੂਰਾਂ ਨੂੰ 5000 ਕਰੋੜ ਰੁਪਏ ਤੋਂ ਵੱਧ ਦਾ ਭੁਗਤਾਨ ਕੀਤਾ ਹੈ, ਜਦਕਿ ਕਾਂਗਰਸ ਦੇ ਸਮੇਂ ਇਹ ਅੰਕੜਾ ਸਿਰਫ 2000 ਕਰੋੜ ਰੁਪਏ ਸੀ। ਮੁੱਖ ਮੰਤਰੀ ਸੈਣੀ ਨੇ ਆਮ ਆਦਮੀ ਪਾਰਟੀ ਅਤੇ ਪੰਜਾਬ ਸਰਕਾਰ ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ ਅਤੇ ਵਿਰੋਧੀ ਧਿਰਾਂ ਸਿਰਫ਼ ਦੋਸ਼-ਪ੍ਰਤੀਦੋਸ਼ ਦੀ ਰਾਜਨੀਤੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਪ ਸਰਕਾਰ ਜਾਣਬੁੱਝ ਕੇ ਇਸ ਲੋਕ-ਪੱਖੀ ਯੋਜਨਾ ਦਾ ਵਿਰੋਧ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਾਲ 2014 ਤੋਂ ਬਾਅਦ ਸਰਕਾਰ ਨੇ ਪੇਂਡੂ ਗਰੀਬੀ ਨੂੰ ਖਤਮ ਕਰਨ ਲਈ ਲਗਾਤਾਰ ਕੰਮ ਕੀਤਾ ਹੈ ਅਤੇ ਮਿਹਨਤਕਸ਼ ਲੋਕ ਰਾਸ਼ਟਰ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

## ਆਸਟਰੀਆ ਵਿੱਚ ਬਰਫ਼ ਦੇ ਤੋਦੇ ਡਿੱਗੇ; 8 ਹਲਾਕ

ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾ ਦਿੱਤਾ ਗਿਆ। ਪੋਂਗੋ ਪਹਾੜੀ ਬਚਾਅ ਸੇਵਾ ਦੇ ਜ਼ਿਲ੍ਹਾ ਮੁਖੀ ਗੇਰਹਾਰਡ ਕ੍ਰੇਮਸਰ ਨੇ ਕਿਹਾ ਕਿ ਇਸ ਸਬੰਧੀ ਸਪਸ਼ਟ ਅਤੇ ਵਾਰ-ਵਾਰ ਚਿਤਾਵਨੀਆਂ ਵੀ ਦਿੱਤੀਆਂ ਗਈਆਂ ਸਨ ਕਿ ਮੌਸਮ ਖਰਾਬ ਹੋ ਰਿਹਾ ਹੈ।

## ਭਾਜਪਾ ਆਗੂਆਂ ਵੱਲੋਂ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ

ਕਿ ਸੂਬਾ ਸਰਕਾਰ ਮੀਡੀਆ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਇਸ ਦੀ ਤੁਲਨਾ ਐਮਰਜੈਂਸੀ ਨਾਲ ਕਰਦਿਆਂ ਕਿਹਾ ਕਿ ਇੰਨੀ ਪਾਬੰਦੀ ਤਾਂ ਇੰਦਰਾ ਗਾਂਧੀ ਨੇ ਵੀ ਨਹੀਂ ਲਗਾਈ ਸੀ ਅਤੇ ਅਜਿਹੇ ਹਾਲਾਤ ਲੋਕਤੰਤਰ ਰਹਿਤ ਦੇਸ਼ਾਂ ਜਿਵੇਂ ਚੀਨ ਵਿੱਚ ਹੁੰਦੇ ਹਨ। ਉਥੇ ਹੀ ਭਾਜਪਾ ਆਗੂ ਕੇਵਲ ਢਿੱਲੋਂ ਨੇ ਨਸ਼ਿਆਂ ਦੇ ਮੁੱਦੇ ਤੇ ਸਰਕਾਰ ਨੂੰ ਘੇਰਦਿਆਂ ਦੱਸਿਆ ਕਿ ਲੁਧਿਆਣਾ ਦੇ ਪਿੰਡ ਸ਼ੇਰੇਵਾਲ ਵਿੱਚ ਇਕ ਮਾਂ ਨੇ ਨਸ਼ੇ ਕਾਰਨ ਆਪਣੇ ਛੋਟੇ ਪੁੱਤਰ ਨੂੰ ਵੀ ਗੁਆ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਦੇ ਨਸ਼ਾ ਰੋਕਣ ਦੇ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ। ਵਫ਼ਦ ਨੇ ਆਤਿਸ਼ੀ ਦੇ ਵੀਡੀਓ ਮਾਮਲੇ ਚ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਨੂੰ ਗਲਤ ਦੱਸਿਆ ਅਤੇ ਕਿਹਾ ਕਿ ਪ੍ਰਸ਼ਾਸਨ ਦਾ ਨਿੱਜੀ ਸਿਆਸਤ ਲਈ ਇਸਤੇਮਾਲ ਕੀਤਾ ਜਾ ਰਿਹਾ ਹੈ। ਇਥੇ ਦੱਸ ਦੇਈਏ ਕਿ ਇਹ ਮੀਟਿੰਗ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਵਿੱਚ ਹੋਣੀ ਸੀ ਪਰ ਉਹ ਸਿਹਤ ਠੀਕ ਨਾ ਹੋਣ ਕਾਰਨ ਫੋਰਟਿਸ ਹਸਪਤਾਲ ਵਿੱਚ ਜ਼ੇਰੇ ਇਲਾਜ ਹੋਣ ਕਰਕੇ ਸ਼ਾਮਲ ਨਹੀਂ ਹੋ ਸਕੇ। ਇਸੇ ਤਰ੍ਹਾਂ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਮਲੇਰਕੋਟਲਾ ਵਿੱਚ ਇਕ ਰੈਲੀ ਵਿੱਚ ਸ਼ਾਮਲ ਹੋਣ ਕਾਰਨ ਮੀਟਿੰਗ ਵਿੱਚ ਮੌਜੂਦ ਨਹੀਂ ਸਨ। ਨਭਾਜਪਾ ਆਗੂਆਂ ਨੇ ਸਪੱਸ਼ਟ ਕੀਤਾ ਕਿ ਸੂਬੇ ਦੀਆਂ ਸੰਸਥਾਵਾਂ ਦੀ ਦੁਰਵਰਤੋਂ ਅਰਵਿੰਦ ਕੇਜਰੀਵਾਲ ਦੇ ਇਸ਼ਾਰੇ ਤੇ ਕੀਤੀ ਜਾ ਰਹੀ ਹੈ ਅਤੇ ਇਸ ਨਾਲ ਪੰਜਾਬ ਦੇ ਹਾਲਾਤ ਹੋਰ ਖ਼ਰਾਬ ਹੋ ਰਹੇ ਹਨ।

## ਪੰਜਾਬ 'ਚ ਸੰਘਣੀ ਧੁੰਦ ਅਤੇ ਮੀਂਹ ਦੀ ਭਵਿੱਖਬਾਣੀ

ਬਾਰਿਸ਼ ਹੋ ਸਕਦੀ ਹੈ। ਜੇਕਰ ਪੰਜਾਬ ਦੇ ਤਾਪਮਾਨ ਦੀ ਗੱਲ ਕੀਤੀ ਜਾਵੇ ਤਾਂ ਮੌਸਮ ਵਿਭਾਗ ਅਨੁਸਾਰ ਅੱਜ ਵੱਧ ਤੋਂ ਵੱਧ ਤਾਪਮਾਨ 2.8 ਡਿਗਰੀ ਸੈਲਸੀਅਸ ਵਧ ਗਿਆ। ਇਹ ਹੁਣ ਆਮ ਨਾਲੋਂ 1.7 ਡਿਗਰੀ ਵੱਧ ਹੈ। ਸ੍ਰੀ ਆਨੰਦਪੁਰ ਸਾਹਿਬ ਵਿੱਚ ਵੱਧ ਤੋਂ ਵੱਧ ਤਾਪਮਾਨ 22.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਅੰਮ੍ਰਿਤਸਰ ਵਿੱਚ ਸਭ ਤੋਂ ਘੱਟ ਘੱਟੋ-ਘੱਟ ਤਾਪਮਾਨ 4.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਮੌਸਮ ਵਿਭਾਗ ਵੱਲੋਂ ਕਈ ਸੂਬਿਆਂ 'ਚ ਮੀਂਹ ਦਾ ਅਲਰਟ

ਮੀਂਹ ਸ਼ੁਰੂ ਹੋ ਗਿਆ। ਮੌਨਸੂਨ ਤੋਂ ਬਾਅਦ ਵੀ ਰੁਕ-ਰੁਕ ਕੇ ਮੀਂਹ ਪੈਂਦਾ ਰਿਹਾ। ਮੌਸਮ ਵਿਭਾਗ ਨੇ ਚਿਤਾਵਨੀ ਦਿੱਤੀ ਹੈ ਕਿ 19 ਤੋਂ 21 ਜਨਵਰੀ ਤੱਕ ਕੇਰਲ ਵਿੱਚ ਭਾਰੀ ਬਾਰਿਸ਼ ਹੋ ਸਕਦੀ ਹੈ। ਹਿਮਾਚਲ ਪ੍ਰਦੇਸ਼ ਚ ਵੀ ਮਾਨਸੂਨ ਸੀਜ਼ਨ ਦੌਰਾਨ ਚੰਗੀ ਬਾਰਿਸ਼ ਹੋਈ, ਜਿਸ ਤੋਂ ਬਾਅਦ ਬਰਫ਼ਬਾਰੀ ਅਤੇ ਠੰਢ ਹੋਈ। ਮੌਸਮ ਵਿਭਾਗ ਦੇ ਅਨੁਸਾਰ, 19, 20 ਅਤੇ 21 ਜਨਵਰੀ ਨੂੰ ਹਿਮਾਚਲ ਪ੍ਰਦੇਸ਼ ਚ ਭਾਰੀ ਬਾਰਿਸ਼ ਹੋਵੇਗੀ। ਮੌਸਮ ਵਿਭਾਗ ਨੇ ਹੋਰ ਸੂਬਿਆਂ ਲਈ ਵੀ ਚਿਤਾਵਨੀ ਜਾਰੀ ਕੀਤੀ ਹੈ। 19, 20 ਅਤੇ 21 ਜਨਵਰੀ ਨੂੰ ਤਾਮਿਲਨਾਡੂ, ਉੱਤਰਾਖੰਡ, ਪੰਜਾਬ, ਹਰਿਆਣਾ, ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਦੇ ਕਈ ਇਲਾਕਿਆਂ ਵਿੱਚ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ, ਇਨ੍ਹਾਂ ਤਿੰਨ ਦਿਨਾਂ ਦੌਰਾਨ ਜੰਮੂ-ਕਸ਼ਮੀਰ, ਲੱਦਾਖ, ਪੁਡੂਚੇਰੀ, ਰਾਇਲਸੀਮਾ, ਮਾਹੇ, ਕਰਾਈਕਲ, ਲਕਸ਼ਦੀਪ ਅਤੇ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਲਈ ਵੀ ਭਾਰੀ ਬਾਰਿਸ਼ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ।

**ਕਸ਼ਮੀਰ ਵਿਚ ਠੰਢ ਵਧੀ, ਅਗਲੇ ਦਿਨਾਂ 'ਚ ਮੀਂਹ ਪੈਣ ਦੀ ਪੇਸ਼ੀਨਗੋਈ** : ਕਸ਼ਮੀਰ ਵਿਚ ਠੰਢ ਦਾ ਜ਼ੋਰ ਵਧਣ ਲੱਗਾ ਹੈ। ਵਾਦੀ ਵਿੱਚ ਘੱਟੋ-ਘੱਟ ਤਾਪਮਾਨ ਡਿੱਗਿਆ ਹੈ ਤੇ ਸੋਨਮਰਗ ਸਭ ਤੋਂ ਠੰਢਾ ਰਿਹਾ ਹੈ। ਮੌਸਮ ਵਿਭਾਗ ਨੇ ਅਗਲੇ ਕੁਝ ਦਿਨਾਂ ਵਿੱਚ ਖਾਸ ਕਰਕੇ ਵਾਦੀ ਦੇ ਉੱਚੇ ਇਲਾਕਿਆਂ ਵਿੱਚ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਅਧਿਕਾਰੀਆਂ ਨੇ ਕਿਹਾ ਕਿ ਸ੍ਰੀਨਗਰ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 4.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ ਜਦੋਂ ਕਿ ਕੇਂਦਰੀ ਕਸ਼ਮੀਰ ਦੇ ਗੰਦਰਬਲ ਜ਼ਿਲ੍ਹੇ ਦੇ ਸੋਨਮਰਗ ਵਿੱਚ, ਜਿੱਥੇ ਸ਼ੁੱਕਰਵਾਰ ਨੂੰ ਦਰਮਿਆਨੀ ਬਰਫ਼ਬਾਰੀ ਹੋਈ, ਦਾ ਘੱਟੋ-ਘੱਟ ਤਾਪਮਾਨ ਮਨਫ਼ੀ 8.9 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਦੱਖਣੀ ਕਸ਼ਮੀਰ ਦੇ ਸ਼ੋਪੀਆਂ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 6.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜਦੋਂ ਕਿ ਪਹਿਲਗਾਮ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 6 ਡਿਗਰੀ ਸੈਲਸੀਅਸ ਰਿਹਾ। ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਵਿੱਚ ਗੁਲਮਰਗ ਟੂਰਿਸਟ ਰਿਜ਼ੋਰਟ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 5.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਪਿਛਲੀ ਰਾਤ ਦੇ ਮਨਫ਼ੀ 4.2 ਡਿਗਰੀ ਸੈਲਸੀਅਸ ਤੋਂ ਘੱਟ ਹੈ। ਵਾਦੀ ਦੇ ਦਾਖਲਾ ਦੁਆਰ ਕਾਜ਼ੀਗੁੰਡ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 4.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੋਕਰਨਾਗ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 2.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਅਤੇ ਕੁਪਵਾੜਾ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 4.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਕਸ਼ਮੀਰ ਵਾਦੀ ਇਸ ਵੇਲੇ ਚਿੱਲਾ-ਏ-ਕਲਾਂ ਦੇ ਵਿਚਕਾਰ ਹੈ, ਜੋ ਕਿ 40 ਦਿਨਾਂ ਦਾ ਸਭ ਤੋਂ ਸਖ਼ਤ ਸਰਦੀਆਂ ਦਾ ਸਮਾਂ ਹੈ, ਜਿਸ ਦੌਰਾਨ ਰਾਤ ਦਾ ਤਾਪਮਾਨ ਅਕਸਰ ਜਮਾਊ ਦਰਜੇ ਤੋਂ ਕਈ ਡਿਗਰੀ ਹੇਠਾਂ ਚਲਾ ਜਾਂਦਾ ਹੈ, ਅਤੇ ਬਰਫ਼ਬਾਰੀ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ। ਚਿੱਲਾ-ਏ-ਕਲਾਂ, ਜੋ ਕਿ ਪਿਛਲੇ ਸਾਲ 21 ਦਸੰਬਰ ਨੂੰ ਸ਼ੁਰੂ ਹੋਇਆ ਸੀ, 30 ਜਨਵਰੀ ਨੂੰ ਖਤਮ ਹੋਵੇਗਾ, ਉਸ ਤੋਂ ਬਾਅਦ ਚਿੱਲਾ ਖੁਰਦ ਅਤੇ ਚਿੱਲੈ ਬੱਚਾ ਹੋਵੇਗਾ। ਮੌਸਮ ਵਿਭਾਗ ਨੇ ਕਿਹਾ ਕਿ 21 ਜਨਵਰੀ ਨੂੰ ਉੱਚੀਆਂ ਟੀਸੀਆਂ 'ਤੇ ਹਲਕੀ ਬਰਫ਼ਬਾਰੀ ਦੀ ਸੰਭਾਵਨਾ ਹੈ, ਜਿਸ ਤੋਂ ਬਾਅਦ 25 ਜਨਵਰੀ ਤੱਕ ਹਲਕੀ ਤੋਂ ਦਰਮਿਆਨੀ ਬਾਰਿਸ਼ ਜਾਂ ਬਰਫ਼ਬਾਰੀ ਹੋਣ ਦੀ ਸੰਭਾਵਨਾ ਹੈ। ਚੇਨਾਬ ਵਾਦੀ ਦੇ ਕੁਝ ਜ਼ਿਲ੍ਹਿਆਂ, ਪੀਰ-ਪੰਜਾਲ ਰੇਂਜ ਅਤੇ ਦੱਖਣੀ ਕਸ਼ਮੀਰ ਦੇ ਜ਼ਿਲ੍ਹਿਆਂ ਵਿੱਚ 23 ਤੋਂ 24 ਜਨਵਰੀ ਤੱਕ ਭਾਰੀ ਬਾਰਿਸ਼ ਜਾਂ ਬਰਫ਼ਬਾਰੀ ਹੋ ਸਕਦੀ ਹੈ।

## ਸੰਪਾਦਕੀ

# ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਲਾਭ-ਨੁਕਸਾਨ

ਕੋਈ ਵੀ ਤਕਨਾਲੋਜੀ, ਜੇਕਰ ਇਹ ਮਨੁੱਖਾਂ ਲਈ ਇੱਕ ਸਾਥੀ ਵਜੋਂ ਕੰਮ ਕਰਦੀ ਹੈ, ਤਾਂ ਬਿਨਾਂ ਸ਼ੱਕ ਲਾਭਦਾਇਕ ਹੋ ਸਕਦੀ ਹੈ ਪਰ ਜੇਕਰ ਇਹ ਨਿਰਭਰਤਾ ਵੱਲ ਲੈ ਜਾਂਦੀ ਹੈ ਤਾਂ ਇਸਦੇ ਵਿਨਾਸ਼ਕਾਰੀ ਨਤੀਜੇ ਵੀ ਹੋ ਸਕਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਦੁਨੀਆ ਭਰ ਵਿੱਚ ਇੰਟਰਨੈਟ ਦੇ ਤੇਜ਼ੀ ਨਾਲ ਫੈਲਣ ਨੇ ਮਨੁੱਖਾਂ ਨੂੰ ਉਨ੍ਹਾਂ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਲਈ ਬਹੁਪੱਖੀ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਹਾਲਾਂਕਿ, ਇਸਦੇ ਨਵੇਂ ਰੂਪ ਨੇ ਅਜਿਹੀਆਂ ਸਥਿਤੀਆਂ ਵੀ ਪੈਦਾ ਕੀਤੀਆਂ ਹਨ, ਜਿਨ੍ਹਾਂ ਨੂੰ ਦੂਰ ਕਰਨਾ ਇੱਕ ਮਹੱਤਵਪੂਰਨ ਚੁਣੌਤੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਲਈ ਵੱਖ-ਵੱਖ ਪਲੇਟਫਾਰਮਾਂ ਨੇ ਅੱਜ ਵਿਆਪਕ ਪ੍ਰਸਿੱਧੀ ਪ੍ਰਾਪਤ ਕੀਤੀ ਹੈ, ਹਰ ਵਿਸ਼ੇ 'ਤੇ ਜਾਣਕਾਰੀ ਪ੍ਰਦਾਨ ਕਰਦੇ ਹਨ ਅਤੇ ਕਈ ਪੱਧਰਾਂ 'ਤੇ ਉਪਯੋਗਤਾ ਪ੍ਰਦਾਨ ਕਰਦੇ ਹਨ। ਇਸ ਦਾ ਇੱਕ ਪਹਿਲੂ ਇਸ ਤਕਨਾਲੋਜੀ ਨਾਲ ਸੰਚਾਰ ਹੈ, ਜਿੱਥੇ ਲਗਭਗ ਕਿਸੇ ਵੀ ਸਵਾਲ ਦਾ ਜਵਾਬ ਦਿੱਤਾ ਜਾ ਸਕਦਾ ਹੈ। ਇਹ ਇੱਕ ਵੱਖਰੀ ਗੱਲ ਹੈ ਕਿ ਇਸਦੀ ਸ਼ੁੱਧਤਾ ਜਾਂ ਗਲਤੀ ਦਾ ਮੁਲਾਂਕਣ ਕਰਨ ਲਈ ਕਿਸੇ ਨੂੰ ਆਪਣੀ ਮਰਜ਼ੀ ਦੀ ਵਰਤੋਂ ਕਰਨੀ ਚਾਹੀਦੀ ਹੈ। ਜਦੋਂ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਇਸ ਵਿਸ਼ੇਸ਼ਤਾ ਦਾ ਵਿਆਪਕ ਤੌਰ 'ਤੇ ਪ੍ਰਚਾਰ ਕੀਤਾ ਗਿਆ ਹੈ, ਜ਼ਿਆਦਾਤਰ ਲੋਕਾਂ ਕੋਲ ਇਸ ਦੀਆਂ ਸੀਮਾਵਾਂ ਅਤੇ ਇਸਦੀ ਵਰਤੋਂ ਲਈ ਸਹੀ ਸਿਖਲਾਈ ਬਾਰੇ ਠੋਸ ਜਾਣਕਾਰੀ ਦੀ ਘਾਟ ਹੈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਲੋਕ, ਖਾਸ ਕਰਕੇ ਬੱਚੇ, ਕਈ ਵਾਰ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਗੱਲਬਾਤ ਵਿੱਚ ਉਲਝ ਜਾਂਦੇ ਹਨ ਜਾਂ ਭਰਮ ਦੇ ਪ੍ਰਭਾਵ ਹੇਠ, ਇੱਥੋਂ ਤੱਕ ਕਿ ਪ੍ਰਤੀਕਿਰਿਆਸ਼ੀਲ ਕਦਮ ਵੀ ਚੁੱਕਦੇ ਹਨ। ਔਨਲਾਈਨ ਗੇਮਾਂ ਖੇਡਦੇ ਸਮੇਂ ਬੱਚਿਆਂ ਦੁਆਰਾ ਖੁਦਕੁਸ਼ੀ ਕਰਨ ਦੀਆਂ ਰਿਪੋਰਟਾਂ ਆਈਆਂ ਹਨ, ਪਰ ਹੁਣ ਕੁਝ ਮਾਮਲਿਆਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਪਰਸਪਰ ਪ੍ਰਭਾਵ ਨੂੰ ਕਤਲ ਲਈ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਸੈਨ ਫਰਾਂਸਿਸਕੋ, ਕਨੈਕਟੀਕਟ ਵਿੱਚ ਇੱਕ ਤ੍ਰਿਆਸੀ ਸਾਲਾ ਔਰਤ ਦੇ ਪਰਿਵਾਰ ਨੇ ਓਪਨਏਆਈ ਅਤੇ ਮਾਈਕ੍ਰੋਸਾਫਟ ਦੇ ਖਿਲਾਫ ਮੁਕੱਦਮਾ ਦਾਇਰ ਕੀਤਾ ਹੈ, ਜਿਸ ਵਿੱਚ ਕਤਲ ਅਤੇ ਖੁਦਕੁਸ਼ੀ ਵਿੱਚ ਚੈਟਜੀਪੀਟੀ ਦੀ ਭੂਮਿਕਾ ਦਾ ਦੋਸ਼ ਲਗਾਇਆ ਗਿਆ ਹੈ। ਇਹ ਦੋਸ਼ ਲਗਾਇਆ ਗਿਆ ਹੈ ਕਿ ਏਆਈ ਚੈਟਬੋਟ ਨੇ ਪੁੱਤਰ ਦੇ ਉਸਦੀ ਮਾਂ ਪ੍ਰਤੀ ਭੰਬਲਭੂਸੇ ਅਤੇ ਸ਼ੱਕ ਨੂੰ ਇਸ ਹੱਦ ਤੱਕ ਵਧਾ ਦਿੱਤਾ ਕਿ ਉਸਨੇ ਉਸਨੂੰ ਮਾਰ ਦਿੱਤਾ ਅਤੇ ਫਿਰ ਖੁਦਕੁਸ਼ੀ ਕਰ ਲਈ। ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਏਆਈ ਨੇ ਕਾਤਲ ਵਿੱਚ ਨਾ ਸਿਰਫ ਸਾਰਿਆਂ ਪ੍ਰਤੀ, ਸਗੋਂ ਉਸਦੀ ਆਪਣੀ ਮਾਂ ਪ੍ਰਤੀ ਵੀ ਸ਼ੱਕ ਅਤੇ ਡਰ ਦੀ ਡੂੰਘੀ ਭਾਵਨਾ ਪੈਦਾ ਕੀਤੀ। ਉਹ ਹੁਣ ਚੈਟਜੀਪੀਟੀ ਤੋਂ ਇਲਾਵਾ ਕਿਸੇ 'ਤੇ ਵੀ ਭਰੋਸਾ ਨਹੀਂ ਕਰਦਾ ਸੀ। ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਹਰ ਕੰਮ ਲਈ ਏਆਈ ਜਾਂ ਆਧੁਨਿਕ ਤਕਨਾਲੋਜੀ 'ਤੇ ਬਹੁਤ ਜ਼ਿਆਦਾ ਨਿਰਭਰਤਾ ਇੱਕ ਵਿਅਕਤੀ ਦੀ ਹਮਦਰਦੀ, ਆਤਮ-ਵਿਸ਼ਵਾਸ ਅਤੇ ਇੱਥੋਂ ਤੱਕ ਕਿ ਜ਼ਮੀਰ ਨੂੰ ਕਿਵੇਂ ਅਧਰੰਗ ਕਰ ਸਕਦੀ ਹੈ, ਜਿਸ ਨਾਲ ਉਹ ਸੋਚ-ਸਮਝ ਕੇ ਜਵਾਬ ਦੇਣ ਦੇ ਯੋਗ ਨਹੀਂ ਰਹਿੰਦੇ। ਅੱਜ, ਅਸੀਂ ਦੇਖ ਸਕਦੇ ਹਾਂ ਕਿ ਕਿਵੇਂ, ਆਧੁਨਿਕ ਤਕਨਾਲੋਜੀ 'ਤੇ ਜ਼ਿਆਦਾ ਜ਼ੋਰ ਦੇਣ ਅਤੇ ਇਸ ਵਿੱਚ ਡੁੱਬਣ ਨਾਲ, ਲੋਕ ਮਨੁੱਖਤਾ ਅਤੇ ਹਮਦਰਦੀ ਦੇ ਮੁੱਲਾਂ ਨੂੰ ਘਟੀਆ ਜਾਂ ਸੈਕੰਡਰੀ ਸਮਝਣ ਲੱਗ ਪਏ ਹਨ। ਅਜਿਹੀ ਸਥਿਤੀ ਵਿੱਚ, ਇੱਕ ਵਿਅਕਤੀ ਅਕਸਰ ਦੂਜੇ ਵਿਅਕਤੀ ਦੇ ਸ਼ਬਦਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਸਕਦਾ ਹੈ ਜਾਂ ਉਹਨਾਂ ਨੂੰ ਅਧੂਰਾ ਸਮਝ ਸਕਦਾ ਹੈ, ਪਰ ਉਸੇ ਸੰਦਰਭ ਵਿੱਚ, ਉਹ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਸ਼ਬਦਾਂ ਨੂੰ ਵਧੇਰੇ ਭਰੋਸੇਯੋਗ ਅਤੇ ਸ਼ੱਕ ਤੋਂ ਪਰੇ ਸਮਝ ਸਕਦਾ ਹੈ। ਹਾਲਾਂਕਿ, ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਸੀਮਾ ਇਸਦੀ ਮਕੈਨੀਕਲ ਪ੍ਰਕਿਰਤੀ ਹੈ, ਜਿਸਦੀ ਤੁਲਨਾ ਮਨੁੱਖੀ ਚੇਤਨਾ ਅਤੇ ਜ਼ਮੀਰ ਨਾਲ ਨਹੀਂ ਕੀਤੀ ਜਾ ਸਕਦੀ। ਜਦੋਂ ਕਿ AI ਦੀ ਭੂਮਿਕਾ ਇੱਕ ਵਿਸ਼ਾਲ ਸੰਦਰਭ ਵਿੱਚ ਨਿਸ਼ਚਤ ਤੌਰ 'ਤੇ ਫੈਲ ਰਹੀ ਹੈ, ਇਸ 'ਤੇ ਪੂਰੀ ਨਿਰਭਰਤਾ ਆਪਣੇ ਜੋਖਮ ਪੈਦਾ ਕਰਦੀ ਹੈ।

-ਜਗਜੀਤ ਸਿੰਘ ਦਰਦੀ

## ਪੰਜਾਬ ਦਾ ਉਦਾਸੀ ਭਰਿਆ ਕੈਨਵਸ

# ਥੱਕੇ ਹੋਏ ਰਾਜਨੀਤਿਕ ਚਿਹਰਿਆਂ ਨੂੰ ਕਹਿ ਦਿਓ ਅਲਵਿਦਾ

### ਇਹੀ ਸਮਾਂ ਹੈ ਪੰਜਾਬ ਨੂੰ ਸਮਝਣ ਤੇ ਨਵੇਂ ਦਿਸਹੱਦਿਆਂ ਵੱਲ ਲੈ ਕੇ ਜਾਣ ਦਾ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੰਜਾਬ ਦੀਆਂ ਪਾਰਟੀਆਂ ਵਿੱਚ ਟੁੱਟ ਭੱਜ ਹੋ ਰਹੀ ਹੈ। ਅੱਜ ਸਰਕਾਰ ਤੇ ਵਿਰੋਧੀ ਪਾਰਟੀਆਂ ਆਪਸ ਵਿੱਚ ਗੁਥਮ-ਗੁੱਥਾ ਹੋ ਰਹੀਆਂ ਹਨ ਪਰੰਤੂ ਪੰਜਾਬ ਦੀ ਅਸਲੀ ਤਸਵੀਰ ਗਾਇਬ ਹੋ ਰਹੀ ਹੈ। ਇਹ ਉਦਾਸ ਤੇ ਨਿਰਾਸ਼ਾ ਭਰਿਆ ਹੋਇਆ ਦ੍ਰਿਸ਼ ਹੈ ਪੰਜਾਬ ਦਾ। ਅੱਜ ਦੀ ਸਥਿਤੀ ਅਤੇ ਆਉਣ ਵਾਲੇ ਦਿਨਾਂ ਦਾ ਭਵਿੱਖ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ।

ਪੰਜਾਬ ਜੋ ਗੁਰੂਆਂ ਦੀ ਵਰਸੋਈ ਧਰਤੀ, ਜੋ ਕਦੇ ਦੇਸ਼ ਦਾ ਅਨਾਜ ਦਾ ਕਟੋਰਾ ਕਹਾਉਂਦੀ ਸੀ, ਅੱਜ ਭ੍ਰਿਸ਼ਟਾਚਾਰ, ਨਸ਼ੇ ਦੀ ਲਹਿਰ, ਬੇਰੁਜ਼ਗਾਰੀ, ਵੱਡੀ ਕਰਜ਼ੇ ਦੀ ਮਾਰ ਅਤੇ ਰਾਜਨੀਤਿਕ ਖੋਖਲੇਪਣ ਨਾਲ ਜੂਝ ਰਹੀ ਹੈ। ਲੋਕਾਂ ਵਿੱਚ ਉਦਾਸੀ ਅਤੇ ਨਿਰਾਸ਼ਾ ਦਾ ਮਾਹੌਲ ਹੈ, ਖਾਸ ਕਰਕੇ ਨੌਜਵਾਨ ਵਰਗ ਵਿੱਚ। ਆਓ ਅੰਕੜਿਆਂ ਅਤੇ ਉਦਾਹਰਣਾਂ ਨਾਲ ਇਸ ਸਥਿਤੀ ਨੂੰ ਸਮਝੀਏ ਅਤੇ ਭਵਿੱਖ ਬਾਰੇ ਵਿਚਾਰ ਕਰੀਏ।

ਅੱਜ ਦੇ ਆਰਥਿਕ ਅਤੇ ਸਮਾਜਿਕ ਹਾਲਤ ਦੇ ਅੰਕੜੇ ਬੋਲਦੇ ਹਨ। ਪੰਜਾਬ ਦੀ ਅਰਥਵਿਵਸਥਾ ਪਹਿਲਾਂ ਦੇਸ਼ ਵਿੱਚ ਸਭ ਤੋਂ ਅੱਗੇ ਸੀ, ਪਰ ਅੱਜ ਇਹ ਪਿੱਛੇ ਰਹਿ ਗਈ ਹੈ। ਅੱਜ ਕਰਜ਼ੇ ਦੀ ਮਾਰ 2025-26 ਵਿੱਚ ਪੰਜਾਬ ਦਾ ਬਕਾਇਆ ਕਰਜ਼ਾ ਲਗਭਗ 4.17 ਲੱਖ ਕਰੋੜ ਰੁਪਏ ਹੈ, ਜੋ ਰਾਜ ਦੇ GSDP (ਗਰਾਸ ਸਟੇਟ ਡੋਮੈਸਟਿਕ ਪ੍ਰੋਡਕਟ) ਦੇ 46.8% ਤੋਂ ਵੱਧ ਹੈ। ਇਹ ਦੇਸ਼ ਦੇ ਵੱਡੇ ਰਾਜਾਂ ਵਿੱਚ ਸਭ ਤੋਂ ਵੱਧ ਹੈ। ਰਾਜ ਦੀ ਆਮਦਨ ਵਿੱਚੋਂ 41% ਹਿੱਸਾ ਸਿਰਫ਼ ਕਰਜ਼ੇ ਦੇ ਵਿਆਜ 'ਤੇ ਖਰਚ ਹੁੰਦਾ ਹੈ ਅਤੇ 57.5% ਤਨਖਾਹਾਂ, ਪੈਨਸ਼ਨਾਂ ਅਤੇ ਸਬਸਿਡੀਆਂ 'ਤੇ ਚਲਾ ਜਾਂਦਾ ਹੈ। ਵਿਕਾਸ ਲਈ ਬਹੁਤ ਘੱਟ ਬਚਦਾ ਹੈ।

ਅੱਜ ਬੇਰੁਜ਼ਗਾਰੀ ਅਤੇ ਨੌਜਵਾਨਾਂ ਦੀ ਨਿਰਾਸ਼ਾ : ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਰ 26.33% ਤੱਕ ਪਹੁੰਚ ਚੁੱਕੀ ਹੈ (2022-23 ਦੇ ਅੰਕੜੇ ਅਨੁਸਾਰ ਤਾਜ਼ਾ ਰੁਝਾਨ ਵੀ ਇਸੇ ਆਲੇ-ਦੁਆਲੇ ਹਨ)। ਰਾਜ ਵਿੱਚ ਲੇਬਰ ਫੋਰਸ ਪਾਰਟੀਸੀਪੇਸ਼ਨ ਰੇਟ ਰਾਸ਼ਟਰੀ ਔਸਤ ਨਾਲੋਂ ਘੱਟ ਹੈ। ਨਤੀਜਾ ? ਹਜ਼ਾਰਾਂ ਨੌਜਵਾਨ ਵਿਦੇਸ਼ (ਕੈਨੇਡਾ, ਆਸਟ੍ਰੇਲੀਆ, ਯੂਕੇ) ਜਾ ਰਹੇ ਹਨ। ਇਹ ਬ੍ਰੇਨ ਡਰੇਨ ਪੰਜਾਬ ਦੇ ਭਵਿੱਖ ਨੂੰ ਖੋਖਲਾ ਕਰ ਰਿਹਾ ਹੈ।

ਅੱਜ ਨਸ਼ੇ ਦੀ ਭਿਆਨਕ ਲਹਿਰ : ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਅੱਜ ਵੀ ਬਹੁਤ ਗੰਭੀਰ ਹੈ। 2015 ਵਿੱਚ ਹੀ 2.3 ਲੱਖ ਤੋਂ ਵੱਧ ਓਪੀਓਇਡ ਨਿਰਭਰ ਲੋਕ ਸਨ ਅਤੇ ਤਾਜ਼ਾ ਰੁਝਾਨਾਂ ਅਨੁਸਾਰ ਇਹ ਅੰਕੜਾ ਵਧਿਆ ਹੈ। ਸਰਕਾਰ ਨੇ 2025 ਵਿੱਚ 30,144 FIRs ਦਰਜ ਕੀਤੀਆਂ ਅਤੇ 40,302 ਸਮੱਗਲਰਾਂ ਨੂੰ ਗ੍ਰਿਫਤਾਰ ਕੀਤਾ, ਪਰ ਨਸ਼ੇ ਦੀ ਸਪਲਾਈ ਅਜੇ ਵੀ ਜਾਰੀ ਹੈ। ਡਰੋਨ ਰਾਹੀਂ ਹੀਰੋਇਨ ਅਤੇ ਹਥਿਆਰ ਆ ਰਹੇ ਹਨ (2025 ਵਿੱਚ 137 ਡਰੋਨ ਜ਼ਬਤ)। ਲੱਖਾਂ ਨੌਜਵਾਨ ਨਸ਼ੇ ਦੀ ਲਪੇਟ ਵਿੱਚ ਹਨ, ਜਿਸ ਨਾਲ ਪਰਿਵਾਰ ਟੁੱਟ ਰਹੇ ਹਨ ਅਤੇ ਸਮਾਜ ਉਦਾਸ ਹੈ।

ਅੱਜ ਇਹ ਅੰਕੜੇ ਦੱਸਦੇ ਹਨ ਕਿ ਰਾਜਨੀਤਿਕ ਪਾਰਟੀਆਂ (ਚਾਹੇ ਕਾਂਗਰਸ, ਅਕਾਲੀ, ਭਾਜਪਾ ਜਾਂ ਹੁਣ AAP) ਵਿੱਚ ਲੰਬੇ ਸਮੇਂ ਤੋਂ ਚੱਲ ਰਹੀ ਖੋਖਲੀ ਰਾਜਨੀਤੀ, ਭ੍ਰਿਸ਼ਟਾਚਾਰ ਅਤੇ ਤੂੰ ਤੂੰ ਮੈਂ ਮੈਂ ਨੇ ਪੰਜਾਬ ਨੂੰ ਇਸ ਹਾਲਤ ਵਿੱਚ ਪਹੁੰਚਾਇਆ ਹੈ। ਖੇਤੀਬਾੜੀ ਵਿੱਚ ਵੀ ਸੰਕਟ ਹੈ- ਜ਼ਿਆਦਾਤਰ ਕਿਸਾਨ ਕਰਜ਼ੇ ਵਿੱਚ ਡੁੱਬੇ ਹੋਏ ਹਨ (89% ਤੋਂ ਵੱਧ ਕਿਸਾਨਾਂ ਕੋਲ ਕਰਜ਼ਾ ਹੈ)।ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦਾ ਭਵਿੱਖ ਕਿਹੋ ਜਿਹਾ ਹੋ ਸਕਦਾ ਹੈ ?

ਜੇ ਅੱਜ ਦੇ ਇਹ ਰੁਝਾਨ ਜਾਰੀ ਰਹੇ ਤਾਂ ਭਵਿੱਖ ਬਹੁਤ ਚੁਣੌਤੀਪੂਰਨ ਲੱਗਦਾ ਹੈ। ਪੰਜਾਬ ਦਾ GSDP ਵਿੱਚ ਹਿੱਸਾ ਘੱਟ ਰਿਹਾ ਹੈ (1990 ਵਿੱਚ 3.7% ਤੋਂ 2021-22 ਵਿੱਚ 2.6% ਤੱਕ), ਪ੍ਰਤੀ ਵਿਅਕਤੀ ਆਮਦਨ ਰਾਸ਼ਟਰੀ ਔਸਤ ਨਾਲੋਂ ਸਿਰਫ਼ 10% ਵੱਧ ਰਹਿ ਗਈ ਹੈ ਅਤੇ ਰੈਂਕਿੰਗ ਵੀ 16ਵੇਂ ਨੰਬਰ 'ਤੇ ਪਹੁੰਚ ਗਈ ਹੈ। ਨਸ਼ਾ ਅਤੇ ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਨਿਰਾਸ਼ ਕਰ ਦਿੱਤਾ ਹੈ।ਪਰ ਇਹ ਸਭ ਅਟੱਲ ਨਹੀਂ ਹੈ।

ਹੁਣ ਵੀ ਇੱਕ ਨਵਾਂ ਪੰਜਾਬ ਸੰਭਵ ਹੈ ਜੇ ਅਸੀਂ ਮੁੜ ਤੋਂ ਆਪਣੀਆਂ ਜੜ੍ਹਾਂ ਵੱਲ ਵਾਪਸ ਮੁੜੀਏ- ਗੁਰੂਆਂ ਦੀ ਸਿੱਖਿਆ, ਮਿਹਨਤ, ਇਮਾਨਦਾਰੀ ਅਤੇ ਏਕਤਾ ਵੱਲ।ਨੌਜਵਾਨਾਂ ਲਈ ਰਸਤਾ ਅਤੇ ਨਵੇਂ ਭਵਿੱਖ ਦੀ ਕਮਾਂਡ ਭ੍ਰਿਸ਼ਟਾਚਾਰ ਅਤੇ ਥੱਕੇ ਹੋਏ ਰਾਜਨੀਤਿਕ ਚਿਹਰਿਆਂ ਨੂੰ ਅਲਵਿਦਾ ਕਹਿਣਾ ਹੋਵੇਗਾ। ਨੌਜਵਾਨਾਂ ਨੂੰ ਅੱਗੇ ਆਉਣਾ ਪਵੇਗਾ- ਉਹ ਜੋ ਟੈਕਨਾਲੋਜੀ, ਸਟਾਰਟਅੱਪ, ਆਧੁਨਿਕ ਖੇਤੀ, ਰੀਨਿਊਏਬਲ ਐਨਰਜੀ ਅਤੇ ਸਿੱਖਿਆ ਵਿੱਚ ਨਵੀਨਤਾ ਲਿਆ ਸਕਣ।

ਉਦਾਹਰਣ ਵਜੋਂ ਆਧੁਨਿਕ ਖੇਤੀ (ਆਰਗੈਨਿਕ, ਹਾਰਟੀਕਲਚਰ, ਐਗਰੋ-ਇੰਡਸਟਰੀ) ਨਾਲ ਕਿਸਾਨਾਂ ਦੀ ਆਮਦਨ ਵੱਧ ਸਕਦੀ ਹੈ। ਸਿੱਖਿਆ ਅਤੇ ਸਕਿੱਲ ਡਿਵੈਲਪਮੈਂਟ ਨਾਲ ਨੌਜਵਾਨ ਰੁਜ਼ਗਾਰ ਯੋਗ ਬਣ ਸਕਦੇ ਹਨ। ਨਸ਼ੇ ਵਿਰੁੱਧ ਸਮਾਜਿਕ ਅੰਦੋਲਨ ਅਤੇ ਰੀਹੈਬਿਲੀਟੇਸ਼ਨ ਨਾਲ ਨੌਜਵਾਨ ਵਾਪਸ ਮੁੜ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਦਾ ਫਰਮਾਣ ਹੈ-ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ। ਇਮਾਨਦਾਰੀ ਅਤੇ ਸੱਚਾਈ ਨਾਲ ਹੀ ਪੰਜਾਬ ਮੁੜ ਉੱਠ ਸਕਦਾ ਹੈ। ਨੌਜਵਾਨਾਂ ਨੂੰ ਰਾਜਨੀਤੀ ਵਿੱਚ ਆ ਕੇ ਨਵੀਂ ਸੋਚ ਲਿਆਉਣੀ ਚਾਹੀਦੀ ਹੈ- ਨਾ ਕਿ ਪੁਰਾਣੇ ਚਿਹਰਿਆਂ ਦੇ ਪਿੱਛੇ ਲੱਗਣਾ।

ਅੱਜ ਵੀ ਪੰਜਾਬ ਦਾ ਭਵਿੱਖ ਹਨੇਰਾ ਨਹੀਂ, ਸਗੋਂ ਚੁਣੌਤੀਆਂ ਨਾਲ ਭਰਪੂਰ ਹੈ। ਜੇ ਅਸੀਂ ਅੱਜ ਤੋਂ ਬਦਲਾਅ ਸ਼ੁਰੂ ਕਰੀਏ -ਨਸ਼ੇ ਤੋਂ ਦੂਰ ਰਹਿ ਕੇ, ਸਿੱਖਿਆ 'ਤੇ ਜ਼ੋਰ ਦੇ ਕੇ, ਇਮਾਨਦਾਰ ਰਾਜਨੀਤੀ ਅਤੇ ਮਿਹਨਤ ਨਾਲ-ਤਾਂ ਇਹ ਧਰਤੀ ਮੁੜ ਚਮਕ ਸਕਦੀ ਹੈ। ਨੌਜਵਾਨਾਂ ਹੱਥ ਵਿੱਚ ਹੈ ਇਸ ਨਵੇਂ ਪੰਜਾਬ ਦੀ ਕਮਾਂਡ। ਉਮੀਦ ਨੂੰ ਜਿਉਂਦਾ ਰੱਖੋ, ਕਿਉਂਕਿ ਗੁਰੂਆਂ ਦੀ ਧਰਤੀ ਕਦੇ ਵੀ ਹਾਰ ਨਹੀਂ ਮੰਨਦੀ।

# ਮੁੱਦਿਆਂ ਅਤੇ ਵਿਚਾਰਧਾਰਾ ਵਿਹੂਣੀ ਰਾਜਨੀਤੀ ਦੌਰਾਨ ਵਰਕਰਾਂ ਅਤੇ ਵੋਟਰਾਂ ਦੀ ਭੂਮਿਕਾ

ਆਤਮਾ ਸਿੰਘ ਪਮਾਰ
ਮੋ: 8968056200

ਸੰਸਾਰ ਪੱਧਰ 'ਤੇ ਰਾਜ ਪ੍ਰਬੰਧ ਚਲਾਉਣ ਲਈ ਵੱਖ ਵੱਖ ਦੇਸ਼ਾਂ ਦੇ ਲਿਖਤੀ/ਅਲਿਖਤੀ ਸੰਵਿਧਾਨਾਂ ਅਨੁਸਾਰ ਕਿਤੇ ਇੱਕ ਦਲੀ ਅਤੇ ਕਿਧਰੇ ਬਹੁਦਲੀ ਪ੍ਰਣਾਲੀ ਪ੍ਰਚੱਲਤ ਹੈ। ਜੇਕਰ ਭਾਰਤ ਦੀ ਗੱਲ ਕਰੀਏ ਤਾਂ ਇਸ ਸਮੇਂ ਇੱਥੇ ਬਹੁਦਲੀ ਪ੍ਰਣਾਲੀ ਬਾਦਸਤੂਰ ਚੱਲ ਰਹੀ ਹੈ। ਇਸ ਦੇ ਨਾਲ ਹੀ ਭਾਰਤ ਨੂੰ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਹੋਣ ਦਾ ਮਾਣ ਵੀ ਪ੍ਰਾਪਤ ਹੈ। ਕੇਂਦਰੀ ਸਰਕਾਰ ਤੋਂ ਇਲਾਵਾ ਦੇਸ਼ ਦੇ ਵੱਖ ਵੱਖ ਸੂਬਿਆਂ 'ਚ ਅਲੱਗ ਅਲੱਗ ਦਲਾਂ ਦੀਆਂ ਸਰਕਾਰਾਂ ਵੀ ਰਾਜ ਭਾਗ ਚਲਾ ਰਹੀਆਂ ਹਨ। ਕੇਂਦਰੀ ਸਰਕਾਰ ਵੱਲੋਂ ਕੁੱਝ ਕੇਂਦਰੀ ਸ਼ਾਸਤ ਪ੍ਰਦੇਸ਼ ਵੀ ਨਿਰਧਾਰਿਤ ਕੀਤੇ ਗਏ ਹਨ। ਜਿਹੜੇ ਕਿ ਸਿੱਧੇ ਤੌਰ 'ਤੇ ਇਸ ਦੇ ਅਧੀਨ ਹੀ ਹੁੰਦੇ ਹਨ। ਸੰਸਾਰ ਦੀ ਸਭ ਤੋਂ ਵੱਧ ਜਨਸੰਖਿਆ ਸੰਖਿਆ ਵਾਲੇ ਅਤੇ ਵੱਡ ਅਕਾਰੀ ਖੇਤਰਫਲ ਵਾਲੇ ਇਸ ਦੇਸ਼ 'ਚ ਬਹੁਤ ਸਾਰੇ ਕੌਮੀ ਅਤੇ ਖੇਤਰੀ ਰਾਜਨੀਤਕ ਦਲ ਕੰਮ ਕਰ ਰਹੇ ਹਨ। ਹੱਥਲੇ ਲੇਖ 'ਚ ਪੰਜਾਬ 'ਚ ਸਰਗਰਮ ਕੌਮੀ ਅਤੇ ਖੇਤਰੀ ਰਾਜਨੀਤਕ ਦਲਾਂ ਦੇ ਏਜੰਡੇ, ਵਿਚਾਰਧਾਰਾ, ਵਰਕਰਾਂ ਦੀ ਪਾਰਟੀ ਪ੍ਰਤੀ ਸਮਝ ਤੋਂ ਇਲਾਵਾ ਇੱਥੋਂ ਦੇ ਵੋਟਰਾਂ ਦਾ ਰਾਜਨੀਤਕ ਦਲਾਂ ਬਾਰੇ ਨਜ਼ਰੀਆ ਅਤੇ ਵਿਸ਼ੇਸ਼ ਕਰਕੇ ਹਰ ਤਰ੍ਹਾਂ ਦੀਆਂ ਚੋਣਾਂ ਦੌਰਾਨ ਉਨ੍ਹਾਂ ਦੀ ਭੂਮਿਕਾ ਆਦਿ ਬਾਰੇ ਚਰਚਾ ਕਰਨਾ ਹੀ ਹੈ। ਜੇਕਰ ਸੂਬੇ ਦੇ ਰਾਜਸੀ ਦ੍ਰਿਸ਼ 'ਤੇ ਪੰਛੀ ਝਾਤ ਮਾਰੀ ਜਾਵੇ ਤਾਂ ਇੱਕ ਗੱਲ ਸਪੱਸ਼ਟ ਰੂਪ 'ਚ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸਾਰੀਆਂ ਰਾਜਨੀਤਕ ਪਾਰਟੀਆਂ ਹੀ ਆਪਣੇ ਪਿਛੋਕੜ, ਵਿਚਾਰਧਾਰਾ ਅਤੇ ਹੋਰ ਮਨੁੱਖੀ ਸਰੋਕਾਰਾਂ ਨੂੰ ਇੱਕ ਤਰ੍ਹਾਂ ਨਾਲ ਤਿਲਾਂਜਲੀ ਦੇਣ ਦਾ ਰਸਤਾ ਅਖ਼ਤਿਆਰ ਕਰਦੀਆਂ ਜਾਪਦੀਆਂ ਹਨ। ਸੂਬੇ ਦੇ ਰਾਜਸੀ ਦ੍ਰਿਸ਼ 'ਤੇ ਇੱਕ ਵੀ ਅਜਿਹਾ ਰਾਜਨੀਤਿਕ ਦਲ ਦਿਖਾਈ ਨਹੀਂ ਦੇ ਰਿਹਾ ਜੋ ਬਾਂਹ ਖੜ੍ਹੀ ਕਰਕੇ ਦਾਅਵਾ ਕਰ ਸਕੇ ਕਿ ਉਹ ਆਪਣੀ ਪਾਰਟੀ ਦੇ ਪ੍ਰੋਗਰਾਮ, ਨੀਤੀਆਂ ਜਾਂ ਸਿਧਾਂਤਾਂ ਦੀ ਕਸਵੱਟੀ 'ਤੇ ਖਰਾ ਉਤਰ ਰਿਹਾ ਹੈ। ਜਦੋਂ ਕਿ ਆਮ ਲੋਕ ਅਤੇ ਵੋਟਰ ਇਹਨਾਂ ਤੋਂ ਇਹੋ ਤਵੱਕੋ ਰੱਖਦੇ ਹਨ ਕਿ ਸਮੁੱਚੇ ਸਮਾਜਿਕ ਤਾਣੇ ਬਾਣੇ ਨੂੰ ਇਹ ਹਰ ਪੱਖੋਂ ਸਹੀ ਸਲਾਮਤ ਚਲਾਉਣ ਵੱਲ ਹੀ ਸੇਧਤ ਹੋਣਗੇ। ਪ੍ਰੰਤੂ ਅਫਸੋਸ ਅਜੋਕੇ ਦੌਰ 'ਚ ਅਜਿਹਾ ਅਮਲੀ ਰੂਪ 'ਚ ਕਿਧਰੇ ਵੀ ਦਿਖਾਈ ਨਹੀਂ ਦੇ ਰਿਹਾ।ਪਿਛਲੇ ਸਮਿਆਂ ਦੌਰਾਨ ਤਕਰੀਬਨ ਸਾਰੇ ਹੀ ਦਲ ਆਪਣੀ ਪਾਰਟੀ ਦਾ ਅਜੰਡਾ ਅਤੇ ਸਮਝ ਵੱਖ ਵੱਖ ਸੰਚਾਰ ਸਾਧਨਾਂ ਤੋਂ ਇਲਾਵਾ ਕਿਤਾਬਚੇ ਦੇ ਰੂਪ 'ਚ ਵੀ ਜਨਤਕ ਕਰਦੇ ਸਨ। ਭਾਵੇਂ ਬਹੁਤ ਸਾਰੇ ਦਲਾਂ ਦੇ ਪ੍ਰੋਗਰਾਮ ਅਤੇ ਨੀਤੀਆਂ ਲਿਖਤੀ ਰੂਪ 'ਚ ਪ੍ਰਕਾਸ਼ਿਤ ਹੋਏ ਹਨ ਅਤੇ ਉਪਲੱਬਧ ਵੀ ਹਨ, ਪ੍ਰੰਤੂ ਅਜੋਕੀ ਪੀੜ੍ਹੀ 'ਚੋਂ ਕੁੱਝ ਕੁ ਨੂੰ ਛੱਡ ਕੇ ਬਾਕੀ ਇਹਨਾਂ ਤੋਂ ਪੂਰੀ ਤਰ੍ਹਾਂ ਕੋਰੇ ਹੀ ਜਾਪਦੇ ਹਨ। ਇਸ ਦੇ ਹੋਰ ਕਾਰਨਾਂ ਤੋਂ ਇਲਾਵਾ ਮੁੱਖ ਕਾਰਨ ਪਾਰਟੀਆਂ ਵੱਲੋਂ ਕੇਡਰ ਕੈਂਪ ਲਗਾਉਣ ਦੀ ਘਾਟ, ਸੋਸ਼ਲ ਮੀਡੀਏ ਕਾਰਨ ਪੜ੍ਹਨ ਸੱਭਿਆਚਾਰ ਨੂੰ ਲੱਗਾ ਖੋਰਾ ਅਤੇ ਸੰਵੇਦਨਸ਼ੀਲਤਾ ਦੀ ਅਣਹੋਂਦ ਹੀ ਮੰਨੇ ਜਾਂ ਸਕਦੇ ਹਨ ।ਇਹੀ ਕਾਰਨ ਹੈ ਕਿ ਰਾਜਨੀਤਕ ਸੰਵਾਦ ਦੀ ਬਜਾਏ ਨਿੱਜੀ ਚਿੱਕੜ ਉਛਾਲੀ ਭਾਰੂ ਹੁੰਦੀ ਜਾ ਰਹੀ ਹੈ।ਜਿਸ ਕਰਕੇ ਆਪਸੀ ਮੇਲ ਜੋਲ,ਤਰਕ ਅਤੇ ਪ੍ਰਸੰਗਿਕਤਾ ਤੋਂ ਦੂਰੀ ਕਾਰਨ ਸਮਾਜਿਕ ਰਾਜਨੀਤਕ ਅਤੇ ਧਾਰਮਿਕ ਖੇਤਰ 'ਚ ਤਣਾਓ ਵਾਲਾ ਮਹੌਲ ਬਣਦਾ ਜਾ ਰਿਹਾ ਹੈ, ਜੋ ਸੂਬੇ ਦੀ ਭਲਾਈ ਲਈ ਕਿਸੇ ਪੱਖੋਂ ਵੀ ਸੁਖਾਵਾਂ ਨਹੀਂ ਮੰਨਿਆ ਜਾ ਸਕਦਾ । ਇੱਕ ਸਮਾਂ ਸੀ ਜਦੋਂ ਰਾਜਸੀ ਆਗੂ ਅਤੇ ਵਰਕਰ ਬਤੌਰ ਸੇਵਾਦਾਰ ਅਤੇ ਆਪਣਾ ਨੈਤਿਕ ਫਰਜ਼ ਸਮਝਦਿਆਂ ਵਿਚਾਰਧਾਰਾ ਨੂੰ ਸਮਰਪਿਤ ਹੁੰਦੇ ਸਨ ।ਉਹ ਭਾਵੇਂ ਸਤਾਧਾਰੀ ਧਿਰ ਦੇ ਹੁੰਦੇ ਜਾਂ ਫਿਰ ਵਿਰੋਧੀ ਪਿੜ 'ਚ ਖੜ੍ਹੇ ਹੁੰਦੇ,ਲੋਕ ਪੱਖੀ ਨੀਤੀਆਂ ਹੀ ਬਣਾਉਂਦੇ ਅਤੇ ਲਾਗੂ ਕਰਦੇ ਸਨ। ਉੱਧਰ ਦੂਜੇ ਪਾਸੇ ਵਿਰੋਧੀ ਧਿਰ ਵਾਲੇ ਵੀ ਜਨਤਕ ਹਿੱਤ ਦੇ ਉਲਟ ਨੀਤੀਆਂ ਦੀ ਡੱਟਵੀਂ ਖਿਲਾਫਤ ਕਰਨ ਲਈ ਲੋਕ ਲਾਮਬੰਦੀ ਵੀ ਡੱਟ ਕੇ ਕਰਦੇ ਸਨ। ਅਜੋਕੇ ਦੌਰ 'ਚ ਵਿਚਾਰਧਾਰਾ ਨੂੰ ਕਥਿਤ ਤੌਰ 'ਤੇ ਦਰਕਿਨਾਰ ਕਰਦਿਆਂ ਵਿਕਾਸ ਕਾਰਜਾਂ, ਰੁਜ਼ਗਾਰ, ਲੋਕ ਹਿੱਤੂ ਨੀਤੀਆਂ,, ਸਿੱਖਿਆ, ਅਤੇ ਸਿਹਤ ਸਹੂਲਤਾਂ ਦੀ ਅਣਦੇਖੀ ਕਰਕੇ ਮੁਫਤਖੋਰੀ ਦੇ ਲਾਲਚ ਦੇ ਸ਼ਬਜ ਬਾਗ਼ ਦਿਖਾ ਕੇ ਨਾ ਪੂਰੇ ਹੋਣ ਵਾਲੇ,ਗੈਰਪ੍ਰਸੰਗਿਕ, ਤਰਕ ਵਿਹੂਣੇ ਸਿਰਫ਼ ਵਾਅਦੇ ਹੀ ਨਹੀਂ ਕੀਤੇ ਜਾਂਦੇ ਸਗੋਂ ਗਰੰਟੀਆਂ, ਵੀ ਇੱਕ ਦੂਜੇ ਤੋਂ ਵਧ ਕੇ ਕਰ ਰਹੇ ਹਨ। ਪਾਰਟੀਆਂ ਦੀ ਵਿਚਾਰਧਾਰਾ ਨੂੰ ਨਜ਼ਰਅੰਦਾਜ਼ ਕਰਕੇ ਚੋਣਾਂ ਮੈਨੇਜ ਕਰਕੇ ਲੜੀਆਂ ਜਾਂਦੀਆਂ ਹਨ। ਇਹੀ ਕਾਰਨ ਹੈ ਕਿ ਵਿਚਾਰਧਾਰਾ ਵਿਹੂਣੇ ਆਗੂ ਅਤੇ ਵਰਕਰ ਰਾਜਨੀਤਕ ਵਿਰੋਧੀਆਂ ਵਜੋਂ ਨਹੀਂ, ਸਗੋਂ ਇੱਕ ਦੂਜੇ ਨਾਲ ਨਿੱਜੀ ਦੁਸ਼ਮਣ ਵਜੋਂ ਵਿਚਰਦੇ ਦਿਖਾਈ ਦੇ ਰਹੇ ਹਨ। ਅਜਿਹੀ ਸਥਿਤੀ 'ਚ ਸੁਹਿਰਦ ਲੋਕਾਂ ਵੱਲੋਂ ਸਵਾਲ ਕੀਤੇ ਜਾ ਰਹੇ ਹਨ ਕਿ ਇਹਨਾਂ ਵਾਅਦਿਆਂ, ਗਰੰਟੀਆਂ ਦੀ ਪੂਰਤੀ ਦਾ ਆਰਥਿਕ ਸ੍ਰੋਤ ਅਸਲ 'ਚ ਹੈ ਕਿੱਥੇ ? ਜਾਂ ਫਿਰ ਇਹ ਸਭ ਕੁੱਝ ਗਰੰਟੀਆਂ ਅਤੇ ਵਾਅਦਾ ਕਰਤਾਵਾਂ ਵੱਲੋਂ ਆਪਣੀਆਂ ਜੇਬਾਂ 'ਚੋਂ ਹੀ ਦਿੱਤਾ ਜਾਵੇਗਾ ? ਨੇਤਾਵਾਂ ਦੀ ਅਜਿਹੀ ਕਾਰਜਸ਼ੈਲੀ ਤੋਂ ਇਹਨਾਂ ਦੇ ਵਰਕਰਾਂ ਤੋਂ ਇਲਾਵਾ ਵੋਟਰ ਵੀ ਭੰਬਲਭੂਸੇ ਵਾਲੀ ਸਥਿਤੀ 'ਚੋਂ ਹੀ ਵਿਚਰ ਰਹੇ ਹਨ। ਕਿਉਂ ਕਿ ਹੇਠਲੇ ਪੱਧਰ 'ਤੇ ਵੋਟਰਾਂ ਨਾਲ ਸਿੱਧਾ ਵਾਹ ਵਾਸਤਾ ਵਰਕਰਾਂ ਦਾ ਹੀ ਹੁੰਦਾ ਹੈ ਅਤੇ ਲੋਕ ਉਨ੍ਹਾਂ ਤੋਂ ਹੀ ਆਪਣੇ ਨਿੱਜੀ ਕੰਮਾਂ ਦੀ ਪੂਰਤੀ ਦੀ ਤਵੱਕੋ ਰੱਖਦੇ ਹਨ। ਸੱਤਾਧਾਰੀ, ਵਿਰੋਧੀ ਧਿਰਾਂ, ਸੁਹਿਰਦ ਵਰਕਰਾਂ, ਸਮਾਜਿਕ, ਧਾਰਮਿਕ ਅਤੇ ਜਨਤਕ ਜੱਥੇਬੰਦੀਆਂ ਤੋਂ ਇਲਾਵਾ ਆਮ ਵੋਟਰਾਂ ਨੂੰ ਵੀ ਗੁਜਾਰਿਸ਼ ਹੈ ਕਿ ਉਹ ਇਖਲਾਕ, ਨੈਤਿਕਤਾ, ਫਰਜ਼ ਅਤੇ ਸਮਾਜ ਦੇ ਵਡੇਰੇ ਸਰੋਕਾਰਾਂ ਨੂੰ ਧਿਆਨ ਹਿੱਤ ਰੱਖਦਿਆਂ, ਤਨਦੇਹੀ ਨਾਲ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣ ਦਾ ਸੁਹਿਰਦ ਯਤਨ ਕਰਨ। ਕਿਉਂਕਿ ਸਾਡੇ ਕੋਲ ਕਾਨੂੰਨ, ਸਮਾਜਿਕ ਰਹੁ ਰੀਤਾਂ ਤੋਂ ਇਲਾਵਾ ਆਪਣੇ ਮਹਾਨ ਪੁਰਖਿਆਂ ਦੀਆਂ ਸਿੱਖਿਆਵਾਂ, ਮਾਣਮੱਤੇ ਫਲਸਫੇ ਅਤੇ ਕੁਰਬਾਨੀਆਂ ਭਰੇ ਇਤਿਹਾਸ ਦੀ ਵੱਡਮੁੱਲੀ ਵਿਰਾਸਤ ਵੀ ਮੌਜੂਦ ਹੈ। ਜਿਸ ਦੀ ਪਾਲਣਾ ਕਰਨ ਲਈ ਉਹ ਆਪਣੀਆਂ ਅਮੁੱਲ ਲਿਖਤਾਂ ਰਾਹੀਂ ਸਾਨੂੰ ਆਦੇਸ਼ ਵੀ ਦੇ ਕੇ ਗਏ ਹਨ। ਇਸ ਲਈ ਆਓ ਸੌ ਪ੍ਰਤੀਸ਼ਤ ਨਹੀਂ ਤਾਂ ਕੁੱਝ ਹੱਦ ਤੱਕ ਹੀ ਉਨ੍ਹਾਂ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਵਧੀਆ ਇਨਸਾਨ,ਆਗੂ ਅਤੇ ਨਾਗਰਿਕ ਹੋਣ ਦੇ ਸਹੀ ਮਾਅਨਿਆਂ 'ਚ ਹੱਕਦਾਰ ਵੱਲ ਵਧਣ ਦਾ ਯਤਨ ਕਰੀਏ। ਇਸ 'ਚ ਸਭ ਦੀ ਭਲਾਈ ਹੋਵੇਗੀ।

# ਰਸਾਇਣਕ ਖਾਦਾਂ ਦਾ ਵਧਦਾ ਜਾਲ: ਕੀ ਹੁਣ ਵੱਡੇ ਸੁਧਾਰਾਂ ਦਾ ਸਮਾਂ ਆ ਗਿਆ ਹੈ ?

ਪਦਮ ਸ਼੍ਰੀ ਰਾਮ ਸਰਨ ਵਰਮਾ

ਭਾਰਤ ਇੱਕ ਖੇਤੀਬਾੜੀ ਪ੍ਰਧਾਨ ਦੇਸ਼ ਹੈ, ਜਿੱਥੇ ਇੱਕ ਵੱਡੀ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਸਿੱਧੇ ਤੌਰ 'ਤੇ ਖੇਤੀਬਾੜੀ 'ਤੇ ਨਿਰਭਰ ਹੈ। ਦੇਸ਼ ਦੀ ਵਧਦੀ ਖੁਰਾਕ ਮੰਗ ਨੂੰ ਪੂਰਾ ਕਰਨ ਲਈ, ਪਿਛਲੇ ਕਈ ਦਹਾਕਿਆਂ ਤੋਂ ਰਸਾਇਣਕ ਖਾਦਾਂ ਦੀ ਵਰਤੋਂ ਲਗਾਤਾਰ ਵਧਦੀ ਰਹੀ ਹੈ। ਸ਼ੁਰੂਆਤੀ ਪੜਾਅ ਵਿੱਚ, ਇਨ੍ਹਾਂ ਖਾਦਾਂ ਨੇ ਉਤਪਾਦਨ ਵਧਾਉਣ ਵਿੱਚ ਜ਼ਰੂਰ ਮਦਦ ਕੀਤੀ, ਪਰ ਅੱਜ ਇਨ੍ਹਾਂ ਦੀ ਅੰਨ੍ਹੇਵਾਹ ਅਤੇ ਬੇਕਾਬੂ ਵਰਤੋਂ ਕਾਰਨ, ਖੇਤੀਬਾੜੀ, ਵਾਤਾਵਰਣ ਅਤੇ ਮਨੁੱਖੀ ਸਿਹਤ 'ਤੇ ਇੱਕ ਗੰਭੀਰ ਸੰਕਟ ਮੰਡਰਾ ਰਿਹਾ ਹੈ।

**ਖਾਦ ਦੀ ਖਪਤ ਦੇ ਚਿੰਤਾਜਨਕ ਅੰਕੜੇ:** ਦੇਸ਼ ਵਿੱਚ ਰਸਾਇਣਕ ਖਾਦਾਂ ਦੀ ਵੱਧ ਰਹੀ ਵਰਤੋਂ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਵਰ੍ਹੇ 2018-2019 ਵਿੱਚ ਜਿੱਥੇ 115 ਕਰੋੜ ਥੈਲਿਆਂ ਦੀ ਖਪਤ ਹੋਈ ਸੀ, ਉੱਥੇ ਹੀ 2024-25 ਦੌਰਾਨ ਇਹ ਅੰਕੜਾ 150 ਕਰੋੜ ਥੈਲਿਆਂ ਨੂੰ ਪਾਰ ਕਰ ਗਿਆ ਹੈ। ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਦੀ ਆਬਾਦੀ ਲਗਭਗ 143 ਕਰੋੜ ਹੈ, ਜਦੋਂ ਕਿ ਖਾਦ ਦੀ ਖਪਤ 150 ਕਰੋੜ ਥੈਲਿਆਂ ਤੋਂ ਵੀ ਵੱਧ ਹੋ ਗਈ ਹੈ। ਇਹ ਅਸੰਤੁਲਨ ਨਾ ਸਿਰਫ਼ ਚਿੰਤਾਜਨਕ ਹੈ ਸਗੋਂ ਭਵਿੱਖ ਲਈ ਇੱਕ ਵੱਡੇ ਖ਼ਤਰੇ ਦਾ ਸੰਕੇਤ ਵੀ ਦਿੰਦਾ ਹੈ।

**ਸਿਹਤ ਅਤੇ ਮਿੱਟੀ 'ਤੇ ਦੋਹਰਾ ਪ੍ਰਭਾਵ:** ਰਸਾਇਣਕ ਖਾਦਾਂ ਦੇ ਪ੍ਰਭਾਵ ਹੁਣ ਸਾਡੀਆਂ ਥਾਲੀਆਂ ਤੱਕ ਪਹੁੰਚ ਗਏ ਹਨ। ਕਣਕ, ਚੌਲ, ਦਾਲਾਂ, ਸਬਜ਼ੀਆਂ, ਫਲ ਅਤੇ ਇੱਥੋਂ ਤੱਕ ਕਿ ਦੁੱਧ, ਦਹੀਂ ਅਤੇ ਘਿਓ ਵੀ ਇਨ੍ਹਾਂ ਰਸਾਇਣਾਂ ਤੋਂ ਮੁਕਤ ਨਹੀਂ ਹਨ। ਨਤੀਜੇ ਵਜੋਂ ਦੇਸ਼ ਵਿੱਚ ਕੈਂਸਰ, ਦਿਲ ਦਾ ਦੌਰਾ, ਐਲਰਜੀ ਅਤੇ ਸ਼ੂਗਰ ਵਰਗੀਆਂ ਗੰਭੀਰ ਬਿਮਾਰੀਆਂ ਦੇ ਮਾਮਲੇ ਦਿਨੋ-ਦਿਨ ਵੱਧ ਰਹੇ ਹਨ।

ਜਗਜੀਤ ਸਿੰਘ ਦਰਦੀ ਦਾ ਜੀਵਨ ਪ੍ਰੇਰਨਾ ਸਰੋਤ ਹੋ ਸਕਦਾ ਹੈ। ਜਗਜੀਤ ਸਿੰਘ ਦਰਦੀ ਸਫ਼ਲਤਾ ਵਿੱਚ ਉਸਦੀ ਪਤਨੀ ਜਸਵਿੰਦਰ ਕੌਰ ਦਰਦੀ ਦਾ ਵੀ ਮਹੱਤਵਪੂਰਨ ਯੋਗਦਾਨ ਹੈ। ਜਗਜੀਤ ਸਿੰਘ ਦਰਦੀ ਨੂੰ ਮਾਣ ਜਾਂਦਾ ਹੈ ਕਿ ਉਸਦੇ ਅਖ਼ਬਾਰ ਵਿੱਚ ਕੰਮ ਕਰਨ ਵਾਲੇ ਬਹੁਤ ਸਾਰੇ ਪੱਤਰਕਾਰ ਇਸ ਸਮੇਂ ਪੱਤਰਕਾਰੀ ਵਿੱਚ ਮੱਲਾਂ ਮਾਰ ਰਹੇ ਹਨ। ਇਥੋਂ ਤੱਕ ਕਿ ਉਸਦੇ ਅਖ਼ਬਾਰ ਤੋਂ ਸਿਖਿਆ ਪ੍ਰਾਪਤ ਕਰਨ ਵਾਲੇ ਪੰਜਾਬੀ ਦੇ ਚੋਟੀ ਦੇ ਅਖ਼ਬਾਰਾਂ ਦੇ ਸੰਪਾਦਕ ਵੀ ਬਣੇ ਹਨ।

ਜਗਜੀਤ ਸਿੰਘ ਦਰਦੀ ਮਿਹਨਤ, ਲਗਨ , ਦ੍ਰਿੜ੍ਹਤਾ, ਸਿਰੜ੍ਹ, ਸੁਘੜਤਾ, ਸਿਆਣਪ ਅਤੇ ਨਮਰਤਾ ਦਾ ਮੁਜੱਸਮਾ ਹੈ, ਜਿਸਨੇ ਅਨੇਕਾਂ ਮੁਸ਼ਕਲਾਂ, ਮੁਸੀਬਤਾਂ, ਜਹਿਮਤਾਂ ਅਤੇ ਕਠਨਾਈਆਂ ਦਾ ਮੁਕਾਬਲਾ ਕਰਦੇ ਹੋਏ ਮਿਹਨਤ ਦੀ ਪੌੜੀ ਚੜ੍ਹਕੇ ਸਫਲਤਾ ਪ੍ਰਾਪਤੀ ਨਾਲ ਸਾਬਤ ਕਰ ਦਿੱਤਾ ਹੈ ਕਿ ਮਿਹਨਤ ਅਤੇ ਆਪਣੇ ਕਿੱਤੇ ਪ੍ਰਤੀ ਵਫ਼ਾਦਾਰੀ ਹਮੇਸ਼ਾ ਸਾਰਥਕ ਸਾਬਤ ਹੁੰਦੀ ਹੈ। ਜ਼ਮੀਨੀ ਪੱਧਰ ਤੋਂ ਉਠਕੇ ਬੁਲੰਦੀਆਂ ਛੂਹਣ ਵਾਲੇ ਜਗਜੀਤ ਸਿੰਘ ਦਰਦੀ ਵਿਚ ਵਿਲੱਖਣਤਾ ਇਹ ਹੈ ਕਿ ਉਹ ਉਚੇ ਤੋਂ ਉਚਾ ਅਹੁਦਾ ਪ੍ਰਾਪਤ ਕਰਨ ਤੋਂ ਬਾਅਦ ਵੀ ਨਮਰਤਾ ਦਾ ਪੱਲਾ ਨਹੀਂ ਛੱਡਦਾ, ਜਿਸ ਕਰਕੇ ਉਹ ਹਮੇਸ਼ਾ ਤਾਕਤ ਦੇ ਗਲਿਆਰਿਆਂ ਵਿਚ ਚਰਚਾ ਦਾ ਵਿਸ਼ਾ ਬਣਿਆਂ ਰਹਿੰਦਾ ਹੈ। ਸਿੱਖ ਧਰਮ ਨੂੰ ਪ੍ਰਣਾਇਆ ਹੋਇਆ ਹੈ, ਗੁਰੂ ਦੇ ਲੜ ਲੱਗਕੇ ਹੀ ਹਰ ਸਫਲਤਾ ਪ੍ਰਾਪਤ ਕਰਦਾ ਹੈ ਕਿਉਂਕਿ ਉਸਨੂੰ ਆਪਣੇ ਧਰਮ ਵਿਚ ਅਥਾਹ ਵਿਸ਼ਵਾਸ਼ ਅਤੇ ਸ਼ਰਧਾ ਹੈ। ਜਗਜੀਤ ਸਿੰਘ ਦਰਦੀ ਸੋਨੇ ਦੇ ਚਮਚੇ ਵਿਚ ਗੁੜ੍ਹਤੀ ਲੈ ਕੇ ਪੈਦਾ ਨਹੀਂ ਹੋਇਆ। ਬਚਪਨ ਤੋਂ ਹੀ ਉਸਨੂੰ ਅਨੇਕਾਂ ਮੁਸ਼ਕਲਾਂ ਨਾਲ ਨਿਪਟਣ ਦਾ ਇਤਫ਼ਾਕ ਹੁੰਦਾ ਰਿਹਾ, ਜਿਸਨੇ ਉਸ ਵਿਚ ਕੁਝ ਕਰ ਗੁਜਰਨ ਦੀ ਭਾਵਨਾ ਪੈਦਾ ਕਰ ਦਿੱਤੀ।

ਜਗਜੀਤ ਸਿੰਘ ਦਰਦੀ ਦਾ ਜਨਮ ਗਿਆਨੀ ਹਰਨਾਮ ਸਿੰਘ ਦਰਦੀ ਦੇ ਘਰ ਕੁਰਕਸ਼ੇਤਰ ਵਿਖੇ 19 ਜਨਵਰੀ 1949 ਨੂੰ ਮਾਤਾ ਹੋਇਆ। ਗਿਆਨੀ ਹਰਨਾਮ ਸਿੰਘ ਦਾ ਪਰਿਵਾਰ ਗੁਰਸਿੱਖ ਅਤੇ ਗੁਰਮਤਿ ਮਰਿਆਦਾ ਵਿਚ ਅਟੁੱਟ ਵਿਸ਼ਵਾਸ਼ ਰੱਖਣ ਵਾਲਾ ਸੀ, ਜਿਸ ਕਰਕੇ ਜਗਜੀਤ ਸਿੰਘ ਦਰਦੀ ਨੂੰ ਵਿਰਸੇ ਵਿਚੋਂ ਹੀ ਗੁਰਮਤਿ ਅਤੇ ਸਿੱਖੀ ਦੀ ਵਿਚਾਰਧਾਰਾ ਦੀ ਗੁੜ੍ਹਤੀ ਮਿਲੀ। ਹਰਨਾਮ ਸਿੰਘ ਦਰਦੀ ਦਾ ਪਰਿਵਾਰ ਇੱਕ ਆਮ ਸਾਧਾਰਨ ਗੁਰੂ ਘਰ ਦਾ ਸੇਵਕ ਅਕਾਲੀ ਪਰਿਵਾਰ ਸੀ, ਜਿਹੜਾ ਹਮੇਸ਼ਾ ਗੁਰੂ ਦੇ ਲੜ ਲੱਗਕੇ ਆਪਣਾ ਰੋਜ਼ ਮਰ੍ਹਾ ਦਾ ਕੰਮ ਕਰਦਾ ਸੀ। ਗਿਆਨੀ ਹਰਨਾਮ ਸਿੰਘ ਅਕਾਲੀ ਮੋਰਚਿਆਂ ਵਿਚ ਹਿੱਸਾ ਲੈਂਦਾ ਰਹਿੰਦਾ ਸੀ, ਜਿਸਦਾ ਪ੍ਰਭਾਵ ਜਗਜੀਤ ਸਿੰਘ ਦਰਦੀ ਤੇ ਪੈਂਦਾ ਰਿਹਾ। ਜਗਜੀਤ ਸਿੰਘ ਦਰਦੀ ਨੂੰ ਪਰਿਵਾਰ ਵਿਚ ਭੈਣ ਭਰਾ ਤੋਂ ਵੱਡਾ ਹੋਣ ਕਰਕੇ ਆਪਣੀ ਪੜ੍ਹਾਈ ਦੇ ਨਾਲ ਪਰਿਵਾਰ ਦੀ ਰੋਜ਼ੀ ਰੋਟੀ ਲਈ ਕੰਮ ਕਾਰ ਵਿਚ ਹੱਥ ਵਟਾਉਣਾ ਪੈਂਦਾ ਸੀ। ਉਸਨੇ ਥਾਪਰ ਕਾਲਜ ਪਟਿਆਲਾ ਜੋ ਕਿ ਅੱਜ ਕਲ੍ਹ ਡੀਮਡ ਯੂਨੀਵਰਸਿਟੀ ਹੈ ਤੋਂ ਇੰਜਿਨੀਅਰਿੰਗ ਵਿਚ ਡਿਪਲੋਮਾ ਕਰਨ ਤੋਂ ਬਾਅਦ ਆਨਰਜ਼ ਇਨ ਪੰਜਾਬੀ ਵੀ ਪਾਸ ਕੀਤੀ। ਉਹ ਇੰਜਿਨੀਅਰਿੰਗ ਦੇ ਖੇਤਰ ਵਿਚ ਨੌਕਰੀ ਕਰ ਸਕਦਾ ਸੀ, ਪ੍ਰੰਤੂ ਉਸਦੇ ਮਨ ਵਿਚ ਪੰਜਾਬੀ ਦਾ ਪਿਆਰ ਠਾਠਾਂ ਮਾਰਦਾ ਹੋਇਆ ਉਸਨੂੰ ਪੱਤਰਕਾਰੀ ਦੇ ਖੇਤਰ ਵਿਚ ਲੈ ਆਇਆ। ਉਸਦੇ ਪਰਿਵਾਰ ਵੱਲੋਂ ਅਕਾਲੀ ਐਜੀਟੇਸ਼ਨਾ ਵਿਚ ਦਿਲਚਸਪੀ ਲੈਣ ਕਰਕੇ ਲੀਡਰਸ਼ਿਪ ਦੀ ਪ੍ਰਵਿਰਤੀ ਪੈਦਾ ਹੋ ਗਈ। ਇਸ ਕਰਕੇ ਉਹ ਵਿਦਿਆਰਥੀ ਜੀਵਨ ਵਿਚ ਹੀ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਿਚ ਪਹਿਲਾਂ ਸਰਗਰਮ ਮੈਂਬਰ ਅਤੇ ਬਾਅਦ ਵਿਚ ਇਸਦੇ ਪ੍ਰਧਾਨ ਬਣ ਗਏ। ਉਸਦੇ ਪਰਿਵਾਰ ਦਾ ਸਿੱਖੀ ਸੋਚ ਅਤੇ ਗੁਰਮਤਿ ਵਿਚਾਰਧਾਰਾ ਨਾਲ ਗਹਿਰਾ ਸੰਬੰਧ ਰਿਹਾ ਹੈ। ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਦਾ ਉਸਦੇ ਪੁਰਖਿਆਂ ਨਾਲ ਮੇਲ-ਜੋਲ ਰਿਹਾ, ਜਿਸ ਕਰਕੇ ਆਪਦੇ ਪੁਰਖੇ ਗੁਰੂ ਦੇ ਲੜ ਲੱਗ ਗਏ। ਇਸ ਲਈ ਵਿਰਸੇ ਵਿਚੋਂ ਮਿਲੀ ਸਿੱਖੀ ਦੀ ਗੁੜ੍ਹਤੀ ਨੇ ਸਿੱਖੀ ਸੋਚ ਤੇ ਪਹਿਰਾ ਦੇਣ ਲਈ ਉਤਸ਼ਾਹਤ ਕੀਤਾ। ਉਹ ਗੁਰਮਤਿ ਕੈਂਪਾਂ ਵਿਚ ਹਿੱਸਾ ਲੈਂਦੇ ਰਹੇ, ਜਿਸ ਕਰਕੇ ਸਿੱਖੀ ਸੋਚ ਦੀ ਲਹਿਰ ਹੋਰ ਪਰਪੱਕ ਹੋ ਗਈ। ਸਿੱਖ ਸਟੂਡੈਂਟ ਫ਼ੈਡਰੇਸ਼ਨ, ਗੁਮਤਿ ਕੈਂਪਾਂ ਅਤੇ ਪੰਜਾਬੀ ਸੂਬੇ ਦੇ ਮੋਰਚਿਆਂ ਵਿੱਚ ਹਿੱਸਾ ਲੈਂਦਿਆਂ ਉਹ ਉਨ੍ਹਾਂ ਦੇ ਪ੍ਰੈਸ ਨੋਟ ਤਿਆਰ ਕਰਕੇ ਅਖ਼ਬਾਰਾਂ ਨੂੰ ਭੇਜਦੇ ਹੁੰਦੇ ਸਨ। ਉਸਦਾ ਵਿਆਹ ਬੀਬੀ ਜਸਵਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੇ ਦੋ ਲੜਕੇ ਹਰਪ੍ਰੀਤ ਸਿੰਘ ਦਰਦੀ, ਸਤਿਬੀਰ ਸਿੰਘ ਦਰਦੀ ਅਤੇ ਇੱਕ ਲੜਕੀ ਡਾ.ਇੰਦਰਪ੍ਰੀਤ ਕੌਰ ਦਰਦੀ ਹੈ। ਛੋਟਾ ਲੜਕਾ ਸਤਿਬੀਰ ਸਿੰਘ ਦਰਦੀ ਸਵਰਗ ਸਿਧਾਰ ਗਏ ਸਨ। ਸਾਰਾ ਪਰਿਵਾਰ ਹੀ ਗੁਰਮਿਤ ਵਿਚਾਰਧਾਰਾ ਦਾ ਮੁਦਈ ਅਤੇ ਪੜ੍ਹਿਆ ਲਿਖਿਆ ਹੈ। ਜਗਜੀਤ ਸਿੰਘ ਦਰਦੀ ਦੀ ਕਮਾਲ ਇਸੇ ਵਿਚ ਹੈ ਕਿ ਭਾਵੇਂ ਉਸਨੂੰ ਅਨੇਕਾਂ ਔਖਾਂ ਦਾ ਸਾਹਮਣਾ ਕਰਨਾ ਪਿਆ ਪ੍ਰੰਤੂ ਆਪਣੇ ਬੱਚਿਆਂ ਨੂੰ ਉਚ ਸਿੱਖਿਆ ਦਿਵਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।

# ਨਿਵੇਕਲੇ ਰਾਹਾਂ ਦਾ ਪਾਂਧੀ ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ



ਹਰੀ ਸਿੰਘ ਚਮਕ
ਮੋ: 93178-31521

ਪਦਮ ਸ੍ਰੀ : ਡਾ: ਜਗਜੀਤ ਸਿੰਘ ਦਰਦੀ ਬਾਰੇ ਲਿਖਦਿਆਂ ਪਦਮ ਸ੍ਰੀ ਡਾ. ਸੁਰਜੀਤ ਪਾਤਰ ਦੀਆਂ ਇਹ ਲਾਈਨਾਂ ਆਪ ਮੁਹਾਰੇ ਸਾਹਮਣੇ ਆ ਜਾਂਦੀਆਂ ਨੇ।

"ਮੈਂ ਰਾਹਾਂ 'ਤੇ ਨਹੀਂ ਤੁਰਦਾ
ਮੈਂ ਤੁਰਦਾ ਹਾਂ ਤਾਂ ਰਾਹ ਬਣਦੇ
ਯੁੱਗਾਂ ਤੋਂ ਕਾਫਲੇ ਆਉਂਦੇ
ਇਸੇ ਸੱਚ ਦੇ ਗਵਾਹ ਬਣਦੇ"

ਜਦੋਂ ਬੰਦਾ ਰੱਬ 'ਤੇ ਅਥਾਹ ਭਰੋਸਾ ਰੱਖਦਾ ਹੈ ਤਾਂ ਪ੍ਰਮਾਤਮਾ ਵੀ ਉਸ ਨੂੰ ਆਪਣੇ ਅਣਮੋਲ ਖਜ਼ਾਨਿਆਂ 'ਚੋਂ ਅਸ਼ੀਰਵਾਦ ਰੂਪੀ ਹੀਰੇ ਉਸ ਦੀ ਝੋਲੀ ਜ਼ਰੂਰ ਪਾਉਂਦਾ ਹੈ । ਇਹ ਗੱਲ ਡਾ. ਜਗਜੀਤ ਸਿੰਘ ਦਰਦੀ 'ਤੇ ਪੂਰੀ ਤਰ੍ਹਾਂ ਢੁਕਦੀ ਹੈ। ਭਖਦੇ ਅੰਗਿਆਰਿਆਂ 'ਤੇ ਨੰਗੇ ਪੈਰੀਂ ਸਫ਼ਰ ਰੂਪੀ ਤਪੱਸਿਆ ਕਰਕੇ ਉੱਚੀਆਂ ਮੰਜ਼ਿਲਾਂ ਨੂੰ ਛੂਹਣਾ ਵੀ ਅਜਿਹੇ ਹੀ ਇਨਸਾਨ ਦੇ ਹਿੱਸੇ ਆਉਂਦਾ ਹੈ। ਯੋਧਿਆਂ ਦੀ ਧਰਤੀ ਕੁਰੂਕਸ਼ੇਤਰ ਵਿਖੇ ਕਰਮਯੋਗੀ ਸ਼ਾਂਤੀ ਸਰੂਪ ਗਿ: ਹਰਨਾਮ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਹਰਬੰਸ ਕੌਰ ਦੀ ਕੁੱਖੋਂ 19.11.1949 ਦੇ ਸੁਭਾਗੇ ਦਿਨ ਨੂੰ ਸ. ਜਗਜੀਤ ਸਿੰਘ ਦਰਦੀ ਦਾ ਜਨਮ ਹੋਇਆ। ਸਿੱਖੀ ਸਿਦਕ, ਗੁਰਬਾਣੀ ਅਤੇ ਮੁਸ਼ੱਕਤ ਦੀ ਗੁੜ੍ਹਤੀ ਆਪ ਨੂੰ ਬਚਪਨ ਤੋਂ ਹੀ ਮਿਲੀ, ਕਿਉਂਕਿ ਆਪ ਜੀ ਦੇ ਸਤਿਕਾਰਯੋਗ ਦਾਦਾ ਜੀ ਬਾਬਾ ਬੁੱਧ ਸਿੰਘ ਜੀ ਨੂੰ ਪਰਮ ਸੰਤ ਬ੍ਰਹਮ ਗਿਆਨੀ ਸੰਤ ਬਾਬਾ ਅੱਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ ਸੰਗ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ।

ਭਾਰਤ-ਪਾਕਿ ਵੰਡ ਤੋਂ ਪਹਿਲਾਂ ਕਹੂਟਾ ਸ਼ਹਿਰ (ਹੁਣ ਪਾਕਿਸਤਾਨ) ਵਿਖੇ ਆਪ ਦੇ ਪੁਰਖਿਆਂ ਦੇ ਘਰ ਸੰਤ ਬਾਬਾ ਅਤਰ ਸਿੰਘ ਜੀ ਨੇ ਚਰਨ ਪਾਏ ਅਤੇ ਕੁਝ ਸਮਾਂ ਉਨ੍ਹਾਂ ਕੋਲ ਬਿਤਾਉਂਦਿਆਂ ਬਾਪੂ ਬੁੱਧ ਸਿੰਘ ਰਾਹੀਂ ਭਾਰੀ ਗਿਣਤੀ ਵਿੱਚ ਸੰਗਤਾਂ ਨੂੰ ਅੰਮ੍ਰਿਤ ਛਕਾਇਆ ਅਤੇ ਕੌਮ ਵਿੱਚ ਪੁਨਰ ਜਾਗ੍ਰਿਤੀ ਲਿਆਉਣ ਵਿੱਚ ਵਡਮੁੱਲਾ ਯੋਗਦਾਨ ਪਾਇਆ। ਸੰਤ ਅਤਰ ਸਿੰਘ ਜੀ ਸਿੱਖੀ ਦੀ ਪ੍ਰਫੁੱਲਤਾ ਅਤੇ ਵਿੱਦਿਆ ਦੇ ਪ੍ਰਚਾਰ ਅਤੇ ਪ੍ਰਸਾਰ 'ਤੇ ਵੱਧ ਤੋਂ ਵੱਧ ਜ਼ੋਰ ਦਿੰਦੇ ਸੀ, ਜਿਨ੍ਹਾਂ ਦਾ, ਦਰਦੀ ਪਰਿਵਾਰ ਨੇ ਬਹੁਤ ਸਤਿਕਾਰ ਸਹਿਤ ਕਬੂਲਿਆ ਅਤੇ ਸੰਤਾਂ ਵੱਲੋਂ ਮਿਲੇ ਆਸ਼ੀਰਵਾਦ ਸਦਕਾ ਦੋਹਾਂ ਖੇਤਰਾਂ, ਸਿੱਖੀ ਅਤੇ ਸਿੱਖਿਆ ਵਿੱਚ ਪ੍ਰਸ਼ੰਸਾਯੋਗ ਯੋਗਦਾਨ ਕੇ ਸੇਵਾ ਦੇ ਨਾਲ- ਨਾਲ ਨਾਮਣਾ ਵੀ ਖੱਟਿਆ। ਮਾਤਾ ਹਰਬੰਸ ਕੌਰ ਨੇ (ਪਾਕਿਸਤਾਨ) ਲਹਿੰਦੇ ਪੰਜਾਬ ਵਿੱਚ ਬੱਚਿਆਂ ਨੂੰ ਪੜ੍ਹਾਉਣ ਦੀ ਸੇਵਾ ਬਾ-ਖ਼ੂਬੀ ਨਿਭਾਈ। ਸੰਤਾਂ ਵੱਲੋਂ ਬਖ਼ਸ਼ੇ ਸਿੱਖੀ, ਸਿਦਕ 'ਤੇ ਪਹਿਰਾ ਦਿੰਦਿਆਂ ਬਾਪੂ ਗਿਆਨੀ ਹਰਨਾਮ ਸਿੰਘ ਜੀ ਨੇ ਆਜ਼ਾਦੀ ਸੰਗ੍ਰਾਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ, ਉੱਥੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਵੀ ਉਨ੍ਹਾਂ ਨੇ ਦਿਨ-ਰਾਤ ਇੱਕ ਕਰ ਦਿੱਤਾ। ਹਿੰਦੂਸਤਾਨ ਆ ਕੇ ਉਨ੍ਹਾਂ ਨੇ ਕੁਰੂਕਸ਼ੇਤਰ ਤੇ ਫਿਰ ਪਟਿਆਲਾ ਵਿਖੇ ਆ ਕੇ ਵਸੇਬਾ ਕੀਤਾ। ਅਕਾਲੀ ਦਲ ਵੱਲੋਂ ਲਗਾਏ ਗਏ ਮੋਰਚੇ ਵਿੱਚ ਉਨ੍ਹਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।

ਆਪਣੇ ਪਿਤਾ ਦੇ ਕਦਮ ਚਿੰਨ੍ਹਾਂ 'ਤੇ ਚੱਲਦਿਆਂ ਸ. ਜਗਜੀਤ ਸਿੰਘ ਦਰਦੀ ਵੀ ਸਿੱਖ ਸੰਘਰਸ਼ ਵਿੱਚ ਕੁੱਦ ਪਏ। ਪੜ੍ਹਾਈ ਦੇ ਨਾਲ ਲਿੱਖੀ ਜਜ਼ਬਾ ਵੀ ਇਨ੍ਹਾਂ ਦੇ ਅੰਦਰ ਠਾਠਾਂ ਮਾਰ ਰਿਹਾ ਸੀ। ਥਾਪਰ ਇੰਜੀਨੀਅਰਿੰਗ ਕਾਲਜ ਵਿੱਚ ਇੰਜੀਨੀਅਰਿੰਗ ਦੀ ਡਿਗਰੀ ਕਰਦਿਆਂ ਸ. ਦਰਦੀ ਸਿੱਖ ਸਟੂਡੈਂਟ ਫੈਡਰੇਸ਼ਨ ਦੀਆਂ ਸਰਗਰਮੀਆਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ, ਜਿਸ ਕਾਰਨ ਆਪ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਬਣ ਗਏ।

ਇੱਥੇ ਇਨ੍ਹਾਂ ਨੇ ਵਿਦਿਆਰਥੀਆਂ ਵਿੱਚ ਸਿੱਖੀ ਜਜ਼ਬੇ ਨੂੰ ਮਜ਼ਬੂਤ ਕੀਤਾ।

ਪੰਜਾਬੀ ਸੂਬੇ ਦੇ ਮੋਰਚੇ, 1960 ਤੋਂ 1965 ਵਿੱਚ ਹੀ ਸ. ਦਰਦੀ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਮਗਰੋਂ ਤਸੀਹਾ ਕੇਂਦਰ ਵਿੱਚ ਹੀ ਘੋਰ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਤਸ਼ੱਦਦਾਂ ਦੁਆਰਾ ਨੰਗੇ ਪਿੰਡੇ 'ਤੇ ਪਈਆਂ ਲਾਸਾਂ ਵਿੱਚੋਂ ਆਉਂਦੀ ਰੌਸ਼ਨੀ ਦੀ ਇੱਕ ਕਿਰਨ ਨੇ 1970 ਵਿੱਚ 15 ਰੋਜ਼ਾ ਚੜ੍ਹਦੀਕਲਾ ਮਾਰਗ, 1971 ਵਿੱਚ ਸਪਤਾਹਿਕ ਅਤੇ ਮਈ 1971 ਵਿਚ ਹੀ ਅਖਬਾਰ ਰੋਜ਼ਾਨਾ ਚੜ੍ਹਦੀਕਲਾ ਸ਼ੁਰੂ ਕਰਵਾ ਦਿੱਤਾ।

ਇੱਕ ਸਿਰਕੱਢ ਇੰਜੀਨੀਅਰਿੰਗ ਕਾਲਜ ਤੋਂ ਡਿਗਰੀ ਪ੍ਰਾਪਤ ਕਰਨ ਅਗਰੋਂ ਮਸ਼ਹੂਰ ਕੰਪਨੀ ਗੋਇਟੇਜ਼ ਵਿੱਚ ਮਿਲੀ ਸਨਮਾਨਯੋਗ ਨੌਕਰੀ ਨੂੰ ਠੋਕਰ ਮਾਰ ਕੇ, ਪਰਿਵਾਰਿਕ ਜ਼ਿੰਮੇਵਾਰੀਆਂ ਸਿਰ ਤੋਂ ਉੱਚੀਆਂ ਹੋਣ ਦੇ ਬਾਵਜੂਦ ਲੋਕ ਸੇਵਾ ਅਤੇ ਸਿੱਖੀ ਦੀ ਪ੍ਰਫੁੱਲਤਾ ਨੂੰ ਆਪਣਾ ਉਦੇਸ਼ ਬਣਾਉਣ ਵਾਲੇ ਜਗਜੀਤ ਸਿੰਘ ਦਰਦੀ ਨੇ, ਫਿਰ ਕਦੇ ਪਿੱਛੇ ਮੁੜਕੇ ਨਹੀਂ ਦੇਖਿਆ, ਸਮੇਂ ਦੀ ਹਿੱਕ 'ਤੇ ਪੈਰ ਧਰਦਿਆਂ ਸਦਾ ਜਿੱਤ ਦੇ ਬਿਗਲ ਵਜਾਏ। ਜਿੱਧਰ ਨੂੰ ਵੀ ਕਦਮ ਚੁੱਕਿਆ, ਰਾਹ 'ਚ ਆਉਂਦੀ ਹਰ ਚੁਣੌਤੀ ਦਾ ਡੱਟ ਕੇ ਸਾਹਮਣਾ ਕੀਤਾ ਅਤੇ ਫਤਹਿ ਦੇ ਪਦਮ ਝੂਲਣ ਲਾ ਦਿੱਤੇ। ਇਨ੍ਹਾਂ ਨੇ ਆਪਣੇ ਚਿਹਰੇ ਦੀ ਮੁਸ਼ਕਰਾਹਟ

ਕਦੇ ਵੀ ਫਿੱਕੀ ਨਹੀਂ ਪੈਣ ਦਿੱਤੀ ।

"ਹਾਸ਼ਮ ਸ਼ਾਹਮ ਸ਼ਾਹ ਦੀ ਲਾਈਨ, ਹਾਸ਼ਮ ਫਤਹਿ ਨਸੀਬ ਤਿਨ੍ਹਾਂ ਨੂੰ ਜਿਨ੍ਹਾਂ ਹਿੰਮਤ ਯਾਰ ਬਣਾਈ"; ਇਨ੍ਹਾਂ 'ਤੇ ਪੂਰੀ ਢੁਕਦੀ ਹੈ। ਹੱਥਾਂ 'ਤੇ ਪਏ ਅੱਟਣਾਂ ਦੇ ਨਿਸ਼ਾਨ ਇਨ੍ਹਾਂ ਵੱਲੋਂ ਕੀਤੀ ਮਿਹਨਤ ਮੁਸ਼ੱਕਤ ਦੀ ਹਾਮੀ ਭਰਦੇ ਨੇ ਜੋ ਪਰਿਵਾਰ ਅਤੇ ਹੋਰਨਾਂ ਲਈ ਵੀ ਪ੍ਰੇਰਨਾਸ੍ਰੋਤ ਬਣਦੇ ਨੇ। ਸਮੇਂ ਦੇ ਹਾਲਾਤਾਂ ਦਾ ਸਾਹਮਣਾ ਵੀ ਹਿੱਕ ਡਾਹ ਕੇ ਕੀਤਾ। ਉਹ ਦੱਸਦੇ ਹਨ ਕਿ ਮੈਂ ਹੋਟਲਾਂ ਤੋਂ ਲੱਕੜ ਦੇ ਗਟਕਿਆਂ ਦਾ ਆਰਡਰ ਬੁੱਕ ਕਰਦਾ ਅਤੇ ਸਨੌਰ, ਘੜਾਮ ਸਾਈਡ ਤੋਂ ਲੱਕੜਾਂ ਲਿਆ ਕੇ ਕੱਟ ਕੇ ਟੁਕੜੇ ਬਣਾ ਕੇ ਰੇਹੜੀ 'ਤੇ ਲਿਆ ਕੇ ਹੋਟਲਾਂ 'ਚ ਦਿੰਦਾ। ਮੂੰਹੋਂ ਸਿਮਰਨ ਤੇ ਰੇਹੜੀ ਦੇ ਪੈਡਲਾਂ ਰੂਪੀ ਮਾਲਾ ਫੇਰ ਜਾਪ ਕਰਦਿਆਂ ਆਇਆ ਪਸੀਨਾ ਇਨ੍ਹਾਂ ਦੇ ਜੀਵਨ 'ਚ ਨਿਖਾਰ ਲਿਆਉਣ ਲੱਗਾ।



ਸਾਫ਼-ਸੁਥਰੀ ਪੱਤਰਕਾਰੀ ਅਤੇ ਸਮਾਜ ਸੇਵਾ ਦੇ ਖੇਤਰ ਅਤੇ ਸਿੱਖੀ ਹਲਕਿਆਂ ਵਿੱਚ ਇਨ੍ਹਾਂ ਨੇ ਸਨਮਾਨਯੋਗ ਸਥਾਨ ਹਾਸਲ ਕੀਤਾ। ਰਾਜਨੀਤੀ ਵਿੱਚ ਪੂਰਾ ਬੋਲਬਾਲਾ ਹੋਣ ਦੇ ਬਾਵਜੂਦ ਵੀ ਆਪ ਸਦਾ ਰਾਜਨੀਤੀ ਤੋਂ ਸਦਾ ਦੂਰ ਹੀ ਰਹੇ, ਪਰ ਕਿੰਗ ਮੇਕਰ ਦੇ ਤੌਰ 'ਤੇ ਭੂਮਿਕਾ ਨਿਭਾਉਣ ਵਿੱਚ ਸਫਲਤਾ ਹਾਸਲ ਕੀਤੀ। ਇੱਕ ਮਿਸਾਲ ਵਾਂਗ ਜਗਣਾ ਇਨ੍ਹਾਂ ਦਾ ਸੁਭਾਅ ਬਣ ਗਿਆ ਹੈ। ਨਿਸ਼ਾਨੇ ਦੀ ਪ੍ਰਾਪਤੀ ਲਈ ਦਿਨ ਰਾਤ ਇੱਕ ਕਰ ਦੇਣਾ ਇਨ੍ਹਾਂ ਦੇ ਸੁਭਾਅ ਦਾ ਹਿੱਸਾ ਹੈ। ਭਾਈ ਵੀਰ ਸਿੰਘ ਦੀਆਂ ਹੇਠ ਲਿਖੀਆਂ ਲਾਈਨਾਂ ਇਨ੍ਹਾਂ 'ਤੇ ਹੂ-ਬ-ਹੂ ਢੁੱਕਦੀਆਂ ਹਨ।

"ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓਹ ਕਰ ਆਰਾਮ ਨਹੀਂ ਬਹਿੰਦੇ,
ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓਹ ਦਿਨੇ ਰਾਤ ਪਏ ਵਹਿੰਦੇ,
ਇੱਕੋ ਲਗਨ ਲੱਗੀ ਜਾਂਦੀ ਹੈ ਟੋਰ ਅਨੰਦ ਉਨ੍ਹਾਂ ਦੀ
ਵਸਲੋਂ ਉਰੇ ਮੁਕਾਮ ਨ ਕੋਈ, ਸੋ ਚਾਲ ਪਏ ਨਿੱਤ ਰਹਿੰਦੇ"

ਪੱਤਰਕਾਰੀ ਦੇ ਖੇਤਰ ਵਿਚ ਮੱਲਾਂ ਮਾਰਦਿਆਂ ਰੋਜ਼ਾਨਾ ਅੱਗੇ ਵੱਧਦੇ ਕਦਮਾਂ ਨਾਲ ਸਮੇਂ ਦਾ ਹਾਣੀ ਬਣਨ ਲਈ ਪ੍ਰਿੰਟ ਮੀਡੀਆ ਦੇ ਨਾਲ-ਨਾਲ ਇਲੈਕਟ੍ਰੋਨਿਕ ਮੀਡੀਆ ਵਿੱਚ ਵੀ ਕਦਮ ਰੱਖਿਆ। ਮਿਤੀ 2 ਮਈ 2006 ਚੜ੍ਹਦੀਕਲਾ ਟਾਈਮ ਟੀ.ਵੀ. ਹੋਂਦ ਵਿੱਚ ਲਿਆਂਦਾ, ਜਿਸ ਦਾ ਮੁੱਖ ਉਦੇਸ਼ ਸੰਗਤ ਨੂੰ ਸਿੱਖੀ ਸਿਧਾਂਤਾਂ ਅਤੇ ਗੁਰਬਾਣੀ ਨਾਲ ਜੋੜਨਾ ਹੈ। ਚੜ੍ਹਦੀਕਲਾ ਟਾਈਮ ਟੀ.ਵੀ. 'ਤੇ ਰੋਜ਼ਾਨਾ ਸਵੇਰੇ 2 ਵਜੇ ਤੋਂ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦਿੱਲੀ ਤੋਂ ਗੁਰਬਾਣੀ ਪ੍ਰੋਗਰਾਮ ਸ਼ੁਰੂ ਹੋ ਜਾਂਦਾ ਹੈ। ਸ੍ਰੀ ਹੇਮਕੁੰਟ ਸਾਹਿਬ ਤੋਂ ਵੀ ਗਰਮੀਆਂ ਵਿੱਚ ਪ੍ਰਸਾਰਣ ਚੱਲਦਾ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸਮੇਂ-ਸਮੇਂ 'ਤੇ ਗੁਰਬਾਣੀ ਦਾ ਪ੍ਰਸਾਰਣ ਕੀਤਾ ਜਾਂਦਾ ਹੈ। ਇਸ ਦੇ ਨਾਲ ਨਾਲ ਇੱਕ ਗੁਰਬਾਣੀ ਚੈਨਲ ਵੀ ਸ਼ੁਰੂ ਕੀਤਾ ਜਾ ਚੁੱਕਾ ਹੈ, ਜਿਸ 'ਤੇ ਨਿਰੋਲ ਗੁਰਬਾਣੀ ਨਾਲ ਸਬੰਧਤ ਪ੍ਰੋਗਰਾਮ ਹੀ ਪ੍ਰਸਾਰਿਤ ਕੀਤੇ ਜਾਂਦੇ ਹਨ। ਮਹਾਂ-ਪੁਰਸ਼ਾਂ ਵੱਲੋਂ ਮਿਲੇ ਆਸ਼ੀਰਵਾਦ ਸਦਕਾ ਅੱਜ ਗੁਰਬਾਣੀ ਦਾ ਪ੍ਰਚਾਰ ਅਤੇ ਪ੍ਰਸਾਰ ਅਤੇ ਵਿਦਿਆ ਦੇ ਖੇਤਰ ਵਿਚ ਲੋਕ ਸੇਵਾ ਦਰਦੀ ਪਰਿਵਾਰ ਦਾ ਮੁੱਖ ਉਦੇਸ਼ ਬਣ ਗਿਆ ਹੈ। ਜਿੱਥੇ ਮੀਡੀਆ ਦੇ ਖੇਤਰ ਵਿਚ ਰੋਜ਼ਾਨਾ ਚੜ੍ਹਦੀਕਲਾ, ਮਾਸਿਕ ਚੜ੍ਹਦੀਕਲਾ, ਭਾਰਤ ਦੇਸ਼ ਹਮਾਰਾ ਹਿੰਦੀ, ਐਜੂਕੇਟਰ (ਪੰਜਾਬੀ), ਕਿਸਾਨ ਮਿੱਤਰ ਆਦਿ ਅਖਬਾਰ ਅਤੇ ਮਾਸਿਕ ਮੈਗਜ਼ੀਨਾਂ ਰਾਹੀਂ ਲੋਕ ਸੇਵਾ ਵਿੱਚ ਹੱਥ ਵਟਾਇਆ ਜਾਂਦਾ ਹੈ ਅਤੇ ਗੁਰਬਾਣੀ ਚੈਨਲਾਂ (ਚੜ੍ਹਦੀਕਲਾ ਟਾਈਮ ਟੀ.ਵੀ ਅਤੇ ਗੁਰਬਾਣੀ ਚੈਨਲ ) ਰਾਹੀਂ ਮਾਂ ਬੋਲੀ ਪੰਜਾਬੀ, ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਲਈ ਇਹ ਅਦਾਰਾ ਚੜ੍ਹਦੀਕਲਾ ਹਰ ਸਮੇਂ ਤਤਪਰ ਰਹਿੰਦਾ ਹੈ ਅਤੇ ਸਦਾ ਚੜ੍ਹਦੀਕਲਾ ਦਾ ਉਪਦੇਸ਼ ਦਿੰਦਾ ਹੈ , ਉੱਥੇ ਹੀ ਵਿੱਦਿਆ ਦੇ ਖੇਤਰ ਵਿੱਚ 10 ਦੇ ਕਰੀਬ ਸ੍ਰੀ ਗੁਰੂ ਹਰਿਕ੍ਰਿਸ਼ਨ ਵਿੱਦਿਅਕ ਸੰਸਥਾਵਾਂ ਰਾਹੀਂ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਸਸਤੀ ਅਤੇ ਮਿਆਰੀ ਵਿੱਦਿਆ ਲਈ ਵੀ ਭਰਪੂਰ ਯੋਗਦਾਨ ਪਾ ਰਿਹਾ ਹੈ। ਇਸ ਅਦਾਰੇ ਵੱਲੋਂ ਚਲਾਏ ਜਾ ਰਹੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਹੋਰ ਵੱਖ-ਵੱਖ ਖੇਤਰਾਂ ਵਿੱਚ ਵੀ ਚੰਗੀਆਂ ਮੱਲਾਂ ਮਾਰੀਆਂ ਹਨ ਅਤੇ ਸਿੱਖੀ ਸਰੂਪ ਦੀ ਪਛਾਣ ਸੱਤ ਸਮੁੰਦਰੋਂ ਪਾਰ ਪਹੁੰਚਾਉਣ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ।

ਪ੍ਰਭਾਵਸ਼ਾਲੀ ਭਾਸ਼ਣ ਦੇਣ 'ਚ ਨਿਪੁੰਨ ਡਾ. ਜਗਜੀਤ ਸਿੰਘ ਦਰਦੀ ਨੂੰ ਪੱਤਰਕਾਰ ਦੇ ਤੌਰ 'ਤੇ ਭਾਰਤ ਦੀ ਪਾਰਲੀਮੈਂਟ ਦੇ ਦੋਹਾਂ ਸਦਨਾਂ, ਲੋਕ ਸਭਾ ਤੇ ਰਾਜ ਸਭਾ ਅਤੇ ਸੈਂਟਰਲ ਹਾਲ ਦੇ ਮਾਨਤਾ ਪ੍ਰਾਪਤ ਪੱਤਰਕਾਰ ਹੋਣ ਦੇ ਨਾਲ ਨਾਲ ਹੋਰ ਵੀ ਅਨੇਕਾਂ ਸੰਸਥਾਵਾਂ ਦੇ ਮੈਂਬਰ ਹੋਣ ਦਾ ਮਾਣ ਪ੍ਰਾਪਤ ਹੈ। ਮਾਨਵਤਾ, ਪੰਜਾਬੀ ਅਤੇ ਸਿੱਖੀ ਨੂੰ ਸਮਰਪਿਤ ਸ. ਦਰਦੀ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਸਮੇਂ-ਸਮੇਂ 'ਤੇ ਇਨ੍ਹਾਂ ਨੂੰ ਵੱਖ-ਵੱਖ ਸੰਸਥਾਵਾਂ ਵੱਲੋਂ ਵੱਡੇ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਜਿਵੇਂ ਕਿ ਸੰਨ 2000 ਵਿਚ ਪੰਜਾਬ ਦੇ ਗਵਰਨਰ ਵੱਲੋਂ ਪੰਜਾਬ ਰਤਨ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ, 1998 ਵਿਚ ਭਾਰਤ ਦੇ ਰਾਸ਼ਟਰਪਤੀ ਵੱਲੋਂ ਸ਼੍ਰੋਮਣੀ ਪੱਤਰਕਾਰ ਐਵਾਰਡ, ਸੰਨ 1993 ਵਿੱਚ ਯੂ.ਐਸ.ਏ ਵਿੱਚ ਵਰਲਡ ਪੰਜਾਬੀ ਸਿਟੀਜ਼ਨ ਕੌਂਸਲ ਵੱਲੋਂ ਸ਼ੇਰ-ਏ-ਪਟਿਆਲਾ ਐਵਾਰਡ ਦੇ ਕੇ ਆਪ ਜੀ ਦਾ ਸਨਮਾਨ ਕੀਤਾ ਗਿਆ। ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵੱਲੋਂ 2019 ਵਿਚ ਆਪ ਜੀ ਨੂੰ ਭਾਈ ਸਾਹਿਬ ਦੀ ਪਦਵੀ ਦੇ ਕੇ ਸਨਮਾਨਿਆ ਗਿਆ। 2022 ਵਿੱਚ ਦੇਸ਼ ਦੇ 75ਵੇਂ ਆਜ਼ਾਦੀ ਦਿਹਾੜੇ ਮੌਕੇ ਪੰਜਾਬ ਦੇ ਮੁੱਖ ਮੰਤਰੀ ਜੀ ਵੱਲੋਂ ਸਨਮਾਨਿਤ ਕੀਤਾ ਗਿਆ। ਜੂਨ 2022 ਵਿੱਚ ਹੀ ਜਥੇਦਾਰ ਅਕਾਲ ਤਖ਼ਤ ਸਾਹਿਬ, ਜਥੇਦਾਰ ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਥ ਭੂਸ਼ਣ ਦੀ ਉਪਾਧੀ ਨਾਲ ਆਪ ਜੀ ਦਾ ਸਨਮਾਨ ਕੀਤਾ ਗਿਆ। ਸੰਨ 2022 ਵਿੱਚ ਹੀ ਆਪ ਜੀ ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਪਦਮ ਸ੍ਰੀ ਦੀ ਉਪਾਧੀ ਨਾਲ ਸਨਮਾਨਿਆ ਗਿਆ। ਸੰਨ 2023 ਵਿੱਚ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵੱਲੋਂ ਆਪ ਜੀ ਨੂੰ ਪੰਥ ਰਤਨ ਦੀ ਉਪਾਧੀ ਨਾਲ ਸਨਮਾਨਿਆ ਗਿਆ ਅਤੇ ਫਰਵਰੀ 2025 ਵਿੱਚ ਪਦਮ ਸ੍ਰੀ ਜਗਜੀਤ ਸਿੰਘ ਦਰਦੀ ਜੀ ਨੂੰ ਡਾਕਟ੍ਰੇਟ ਆਫ ਫਿਲਾਸਫੀ ਦੀ ਉਪਾਧੀ ਨਾਲ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਵੱਲੋਂ ਸਨਮਾਨਿਤ ਕੀਤਾ ਗਿਆ। ਪਦਮ ਸ੍ਰੀ ਡਾ. ਜਗਜੀਤ ਸਿੰਘ ਦਰਦੀ ਨੂੰ ਭਾਰਤ ਦੇ ਬਹੁਤ ਸਾਰੇ ਪ੍ਰਧਾਨ ਮੰਤਰੀਆਂ ਨਾਲ, ਸੰਸਾਰ ਦੇ ਤਕਰੀਬਨ ਸਾਰੇ ਦੇਸ਼ਾਂ ਵਿੱਚ ਪੱਤਰਕਾਰ ਦੇ ਤੌਰ 'ਤੇ ਜਾਣ ਦਾ ਮਾਣ ਪ੍ਰਾਪਤ ਹੋਇਆ। ਜਿਵੇਂ ਕਿ ਆਮ ਕਹਾਵਤ ਪ੍ਰਚੱਲਤ ਹੈ ਕਿ ਹਰ ਇਨਸਾਨ ਦੀ ਤਰੱਕੀ ਪਿੱਛੇ ਉਸਦੀ ਪਤਨੀ ਦਾ ਹੱਥ ਹੁੰਦਾ ਹੈ, ਇਹ ਗੱਲ ਡਾ. ਜਗਜੀਤ ਸਿੰਘ ਦਰਦੀ 'ਤੇ ਪੂਰੀ-ਪੂਰੀ ਢੁੱਕਦੀ ਹੈ। ਜ਼ਿੰਦਗੀ ਦੇ ਹਰ ਮੋੜ 'ਤੇ ਡਾ. ਜਗਜੀਤ ਸਿੰਘ ਦੀ ਧਰਮ ਪਤਨੀ ਸਰਦਾਰਨੀ ਜਸਵਿੰਦਰ ਕੌਰ ਦਰਦੀ ਦਾ ਸਾਥ, ਮਿਹਨਤ ਅਤੇ ਕੁਰਬਾਨੀ ਵੀ ਸ. ਦਰਦੀ ਦੀ ਕਾਮਯਾਬੀ ਲਈ ਬਹੁਤ ਸਰਾਹੁਣਯੋਗ ਹੈ। ਸਮੁੱਚਾ ਦਰਦੀ ਪਰਿਵਾਰ ਗੁਰਬਾਣੀ, ਸਿੱਖੀ, ਪੰਜਾਬੀਅਤ ਅਤੇ ਸਮਾਜ ਸੇਵਾ ਨੂੰ ਸਮਰਪਿਤ ਹੈ।

ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿਣ ਵਾਲੇ ਨੌਜਵਾਨ ਬੇਟੇ ਸ. ਸਤਿਬੀਰ ਸਿੰਘ ਦੇ ਅਚਾਨਕ ਵਿਛੋੜੇ ਨੇ ਇਸ ਪਰਿਵਾਰ ਨੂੰ ਇਕ ਵੱਡਾ ਝਟਕਾ ਦਿੱਤਾ ਪ੍ਰੰਤੂ ਇਸ ਅਸਹਿ ਸਦਮੇ ਨੂੰ ਪਰਮਾਤਮਾ ਦਾ ਹੁਕਮ ਸਮਝ ਕੇ ਕਬੂਲਿਆ। ਚੜ੍ਹਦੀਕਲਾ ਟਾਈਮ ਟੀ.ਵੀ. 'ਤੇ ਪ੍ਰਸਾਰਿਤ ਰੋਜ਼ਾਨਾ ਸਹਿਜ ਪਾਠ ਦੁਆਰਾ ਦੁਨੀਆਂ ਭਰ ਵਿਚ ਗੁਰਬਾਣੀ ਦਾ ਸੰਦੇਸ਼ ਪਹੁੰਚਾਇਆ ਜਾ ਰਿਹਾ ਹੈ। ਸਰਦਾਰਨੀ ਜਸਵਿੰਦਰ ਕੌਰ ਦਰਦੀ ਵਿਦਿਅਕ ਅਦਾਰੇ ਚਲਾ ਰਹੇ ਨੇ ਤੇ ਨੂੰਹ ਰਾਣੀ ਸਰਦਾਰਨੀ ਗੁਰਲੀਨ ਕੌਰ ਇੱਕ ਵਿੱਦਿਅਕ ਅਦਾਰੇ ਵਿਚ ਪ੍ਰਿੰਸੀਪਲ ਦੀ ਡਿਊਟੀ ਨਿਭਾਅ ਰਹੇ ਨੇ, ਬੇਟਾ ਸ.ਹਰਪ੍ਰੀਤ ਸਿੰਘ ਦਰਦੀ ਅਤੇ ਨੂੰਹ ਸਰਦਾਰਨੀ ਅਸ਼ਮੀਤ ਕੌਰ ਕੈਨੇਡਾ ਅਤੇ ਭਾਰਤ ਵਿੱਚ ਇਨ੍ਹਾਂ ਟੀ.ਵੀ. ਚੈਨਲਾਂ ਦੀ ਪੂਰੀ ਨਿਗਰਾਨੀ ਰੱਖ ਰਹੇ ਨੇ। ਇਨ੍ਹਾਂ ਦੇ ਨਾਲ ਹੀ ਦਰਦੀ ਸਾਹਿਬ ਦੀ ਬੇਟੀ ਡਾ. ਇੰਦਰਪ੍ਰੀਤ ਕੌਰ ਵੀ ਟੀ.ਵੀ.ਚੈਨਲਾਂ 'ਤੇ ਪ੍ਰੈਸ ਦਾ ਕੰਮ ਵਿਚ ਪੂਰਾ ਹੱਥ ਵਟਾ ਰਹੇ ਨੇ। ਇਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਅੱਜ ਚੜ੍ਹਦੀਕਲਾ ਟਾਈਮ ਟੀ.ਵੀ. ਭਾਰਤ ਦੀਆਂ ਮੂਹਰਲੀਆਂ ਸਫਾਂ ਵਿੱਚ ਆਪਣੀ ਪਛਾਣ ਬਣਾ ਚੁੱਕਾ ਹੈ। ਇਸ ਸਾਰੀ ਕਾਮਯਾਬੀ ਨੂੰ ਡਾ.ਦਰਦੀ ਅਕਾਲ ਪੁਰਖ ਦੀ ਬਖਸ਼ਿਸ਼ ਅਤੇ ਸਤਿਗੁਰ ਅਤੇ ਸੰਤਾਂ ਦਾ ਆਸ਼ੀਰਵਾਦ ਦੱਸਦੇ ਹਨ। ਨਿਮਰਤਾ ਅਤੇ ਰੱਬ ਦੀ ਰਜ਼ਾ ਵਿੱਚ ਰਹਿਣ ਕਾਰਨ ਕੁਦਰਤ ਨੇ ਵੀ ਇਨ੍ਹਾਂ 'ਤੇ ਰਹਿਮਤਾਂ ਦੀ ਵਰਖਾ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਜ਼ਿੰਦਗੀ ਦੇ ਮੁੱਢਲੇ ਦਿਨਾਂ ਵਿੱਚ ਮਿਲਿਆ ਮਹਾਨ ਵਿਦਵਾਨ ਪ੍ਰਿੰਸੀਪਲ ਸਤਿਬੀਰ ਦਾ ਸਾਥ ਅਤੇ ਅਗਵਾਈ ਵੀ ਇਸ ਪਰਿਵਾਰ ਲਈ ਮਾਰਗ-ਦਰਸ਼ਕ ਦਾ ਰੋਲ ਅਦਾ ਕਰ ਰਹੀ ਹੈ। ਜ਼ਿੰਦਗੀ ਵਿੱਚ ਆਏ ਕਿਸੇ ਵੀ ਇਨਸਾਨ ਦੀ ਪ੍ਰਤਿਭਾ ਨੂੰ ਪਛਾਣਨ ਵਾਲੀ ਅੱਖ ਡਾ. ਜਗਜੀਤ ਸਿੰਘ ਦਰਦੀ ਕੋਲ ਹੈ ਅਤੇ ਉਸਨੂੰ ਆਪਣਾ ਬਣਾ ਕੇ ਉਸਦੀ ਮੱਦਦ ਕਰਨੀ ਅਤੇ ਉਸਨੂੰ ਉਭਾਰਨ ਦੀ ਸ਼ਕਤੀ ਵੀ ਹੈ ਇਨ੍ਹਾਂ ਕੋਲ। ਗੁਣਵਾਨਾਂ ਦੀ ਪ੍ਰਤਿਭਾ ਉਘਾੜਨ ਦਾ ਚਾਅ ਇਨ੍ਹਾਂ ਨੂੰ ਹਰ ਵਕਤ ਚੜ੍ਹਿਆ ਰਹਿੰਦਾ ਹੈ। ਸੰਨ 2008 ਤੋਂ 2019 ਤੱਕ ਮੈਨੂੰ ਇਨ੍ਹਾਂ ਕੋਲ ਕੰਮ ਕਰਨ ਦਾ ਮੌਕਾ ਮਿਲਿਆ। ਇੰਨਾ ਅਨੰਦ ਮੈਂ ਸਾਰੀ ਉਮਰ ਵਿਚ ਨਹੀਂ ਮਾਣਿਆ ਤੇ ਨਾ ਹੀ ਇੰਨੀ ਪਛਾਣ ਬਣਾਈ, ਇਸ ਅਦਾਰੇ ਵਿੱਚ ਆ ਕੇ 11 ਸਾਲਾਂ ਅੰਦਰ ਬਣਾ ਲਈ। ਇਸ ਅਦਾਰੇ ਵੱਲੋਂ ਮੈਨੂੰ ਮੁੰਬਈ, ਪੂਨੇ ਅਤੇ ਸਿਕਮ ਵੀ ਭੇਜਿਆ ਗਿਆ, ਜਿੱਥੇ ਜ਼ਿੰਦਗੀ ਦਾ ਪੂਰਾ ਅਨੰਦ ਮਾਣਿਆ ਅਤੇ ਚੰਗੇ ਚੰਗੇ ਪੱਤਰਕਾਰਾਂ, ਮੰਤਰੀਆਂ ਅਤੇ ਚੰਗੀਆਂ ਸ਼ਖਸੀਅਤਾਂ ਨਾਲ ਰਾਬਤਾ ਕਾਇਮ ਕਰਨ ਦਾ ਮੌਕਾ ਮਿਲਿਆ ਜੋ ਮੈਂ ਕਦੀ ਸੋਚਿਆ ਵੀ ਨਹੀਂ ਸੀ। ਪੂਨਾ ਵਿਖੇ ਹੋਈ ਵਿਸ਼ਵ ਪੰਜਾਬੀ ਵਿਕਾਸ ਕਾਨਫਰੰਸ ਵਿਚ ਜਾਣ ਦਾ ਸੁਭਾਗ ਪ੍ਰਾਪਤ ਹੋਇਆ, ਜਿਥੇ ਚੰਗੇ-2 ਸਕਾਲਰਾਂ ਅਤੇ ਮਹਾਰਾਸ਼ਟਰ ਦੀਆਂ ਸਿਰਕੱਢ ਸ਼ਖਸੀਅਤਾਂ ਦੇ ਨਾਲ-ਨਾਲ ਕੈਨੇਡਾ, ਆਸਟ੍ਰੇਲੀਆ ਤੋਂ ਆਏ ਨੁਮਾਇੰਦਿਆਂ,ਵਿਦਵਾਨਾਂ ਨੂੰ ਵੀ ਮਿਲਣ ਦਾ ਮੌਕਾ ਮਿਲਿਆ। ਇਸ ਸ਼ੁਭ ਮੌਕੇ 'ਤੇ ਜਿੱਥੇ ਮਹਾਰਾਸ਼ਟਰ ਦੇ ਮੰਤਰੀ ਸਾਹਿਬਾਨ ਆਏ, ਉੱਥੇ ਅਦਾਕਾਰ ਧਰਮਿੰਦਰ ਅਤੇ ਅੰਨਾ ਹਜ਼ਾਰੇ ਦੇ ਦਰਸ਼ਨ ਕਰਨ ਦਾ ਵੀ ਸੁਭਾਗ ਪ੍ਰਾਪਤ ਹੋਇਆ। ਮੈਂ ਇਸ ਉਪਕਾਰ ਲਈ ਪਦਮ ਸ੍ਰੀ ਡਾ. ਜਗਜੀਤ ਸਿੰਘ ਨੂੰ ਧੰਨਵਾਦ ਦੇ ਸ਼ਬਦ ਕਹਾਂ ਤਾਂ ਇਹ ਸ਼ਬਦ ਉਨ੍ਹਾਂ ਵੱਲੋਂ ਕੀਤੇ ਉਪਕਾਰ ਅੱਗੇ ਬੌਣਾ ਜਿਹਾ ਲੱਗਦਾ ਹੈ। ਜੇ ਮੈਂ ਕਹਾਂ ਕਿ ਮੈਂ ਸਦਾ ਇਨ੍ਹਾਂ ਦਾ ਰਿਣੀ ਰਹਾਂਗਾ ਤਾਂ ਲੱਗਦਾ ਹੈ ਕਿ ਮੈਂ ਸੱਚ ਬੋਲ ਰਿਹਾ ਹਾਂ। ਇਹ ਅੱਖਰ ਕੁਝ ਹੱਟ ਕੇ ਲੱਗਦੇ ਹਨ।

## 31 ਦਸੰਬਰ, 2025 ਨੂੰ ਖ਼ਤਮ ਹੋਈ ਤਿਮਾਹੀ ਅਤੇ ਨੌਂ ਮਹੀਨਿਆਂ ਦੇ ਵਿੱਤੀ ਨਤੀਜੇ : ਮੁੱਖ ਪ੍ਰਾਪਤੀਆਂ (2025-26 ਦੀ ਤੀਜੀ ਤਿਮਾਹੀ)

ਨਵੀਂ ਦਿੱਲੀ, 18 ਜਨਵਰੀ , (ਚ.ਨ.ਸ.) : ਕਾਰੋਬਾਰੀ ਵਾਧਾ: 31.12.2025 ਤੱਕ ਬੈਂਕ ਦਾ ਕੁੱਲ ਕਾਰੋਬਾਰ ਰੁ: 5,53,680 ਕਰੋੜ ਰਿਹਾ, ਜਿਸ ਵਿੱਚ ਸਾਲ-ਦਰ-ਸਾਲ (ਸਾਲ-ਦਰ-ਸਾਲ) 13.25% ਦੀ ਵਾਧਾ ਦਰਜ ਕੀਤਾ ਗਿਆ।



ਕੁੱਲ ਪੇਸ਼ਗੀ 16.74% ਵੱਧ ਕੇ ਰੁ: 2,43,594 ਕਰੋੜ ਹੋ ਗਈ। ਕੁੱਲ ਜਮ੍ਹਾਂ ਰਾਸ਼ੀ 10.64% ਵੱਧ ਕੇ ਰੁ: 3,10,086 ਕਰੋੜ ਹੋ ਗਈ।

CASA ਵਾਧਾ: ਕੁੱਲ CASA ਰੁ: 1,12,083 ਕਰੋੜ ਰਿਹਾ, ਜੋ ਕਿ ਸਾਲ-ਦਰ-ਸਾਲ 11.49% ਦਾ ਵਾਧਾ ਹੈ।

CASA ਅਨੁਪਾਤ 44 bps ਵਧ ਕੇ 38.41% ਹੋ ਗਿਆ। ਮੁਨਾਫ਼ਾਯੋਗਤਾ ਤਿਮਾਹੀ ਨਤੀਜੇ (31.12.2025 ਨੂੰ ਸਮਾਪਤ) ਸ਼ੁੱਧ ਲਾਭ ਰੁ: 739 ਕਰੋੜ ਰਿਹਾ, ਜੋ ਪਿਛਲੇ ਸਾਲ ਦੀ ਇਸੇ ਮਿਆਦ ਵਿੱਚ ਰੁ: 639 ਕਰੋੜ ਦੇ ਮੁਕਾਬਲੇ 15.65% ਵਧਿਆ।

ਸੰਚਾਲਨ ਲਾਭ ਰੁ:1,680 ਕਰੋੜ ਰਿਹਾ, ਜੋ ਕਿ 5.93% ਸਾਲਾਨਾ ਵਾਧਾ ਦਰਜ ਕਰਦਾ ਹੈ। ਸ਼ੁੱਧ ਵਿਆਜ ਮਾਰਜਿਨ (NIM): ਗਲੋਬਲ: 3.08% ਘਰੇਲੂ: RAM ਸੈਕਟਰ (ਰਿਟੇਲ, ਖੇਤੀਬਾੜੀ ਅਤੇ MSME) ਵਿੱਚ 3.27% ਵਾਧਾ RAM ਸੈਕਟਰ ਵਿੱਚ ਕੁੱਲ ਉੱਦਮ 25.86% ਵਧ ਕੇ ਰੁ: 1,43,919 ਕਰੋੜ ਤੱਕ ਪਹੁੰਚ ਗਿਆ।

ਪ੍ਰਚੂਨ ਪੇਸ਼ਗੀਆਂ: ਰੁ: 64,159 ਕਰੋੜ (28.18% ਵਾਧਾ) ਖੇਤੀਬਾੜੀ ਪੇਸ਼ਗੀਆਂ: ਰੁ: 34,954 ਕਰੋੜ (24.69% ਵਾਧਾ) MSME ਪੇਸ਼ਗੀਆਂ: ਰੁ: 44,806 ਕਰੋੜ (23.56% ਵਾਧਾ) ਸੰਪਤੀ ਗੁਣਵੱਤਾ ਕੁੱਲ NPA ਘਟ ਕੇ 2.41% (50 bps ਸੁਧਾਰ) ਸ਼ੁੱਧ NPA ਘਟ ਕੇ 0.36% (27 bps ਸੁਧਾਰ) ਹੋ ਗਿਆ

ਪ੍ਰੋਵਿਜ਼ਨ ਕਵਰੇਜ ਅਨੁਪਾਤ (PCR): 97.32% ਠੋਸ PCR: 85.47% ਸਲਿੱਪੇਜ ਅਨੁਪਾਤ: 0.85% ਪੂੰਜੀ ਅਨੁਕੂਲਤਾ ਪੂੰਜੀ ਅਨੁਕੂਲਤਾ ਅਨੁਪਾਤ (CRAR): 17.43% ਟੀਅਰ-9 ਪੂੰਜੀ ਅਨੁਪਾਤ: 15.41% ਸੰਚਾਲਨ ਕੁਸ਼ਲਤਾ ਕਾਰੋਬਾਰ ਪ੍ਰਤੀ ਕਰਮਚਾਰੀ: ਰੁ: 26.12 ਕਰੋੜ ਕਾਰੋਬਾਰ ਪ੍ਰਤੀ ਸ਼ਾਖਾ: ਰੁ: 166.32 ਕਰੋੜ

(ਦੋਵਾਂ ਨੇ ਸਾਲ-ਦਰ-ਸਾਲ ਮਹੱਤਵਪੂਰਨ ਸੁਧਾਰ ਕੀਤਾ) ਨੌਂ ਮਹੀਨਿਆਂ ਦੀਆਂ ਪ੍ਰਾਪਤੀਆਂ (31 ਦਸੰਬਰ, 2025 ਤੱਕ) ਸੰਚਾਲਨ ਲਾਭ: ਰੁ: 4,856 ਕਰੋੜ (11.92% ਵਾਧਾ) ਸ਼ੁੱਧ ਲਾਭ: ਰੁ: 1,967 ਕਰੋੜ (9.70% ਵਾਧਾ) ਸ਼ੁੱਧ ਵਿਆਜ ਆਮਦਨ (NII): ਰੁ: 7,582 ਕਰੋੜ (9.38% ਵਾਧਾ) ROA: 0.75%

ਫ਼ੀਸ ਅਧਾਰਤ ਆਮਦਨ: ਰੁ: 1,216 ਕਰੋੜ (22.46% ਵਾਧਾ) ਸ਼ਾਖਾ ਨੈੱਟਵਰਕ ਕੁੱਲ ਸ਼ਾਖਾਵਾਂ: 3327 ਘਰੇਲੂ ਸ਼ਾਖਾਵਾਂ 2 ਵਿਦੇਸ਼ੀ ਸ਼ਾਖਾਵਾਂ (ਹਾਂਗਕਾਂਗ ਅਤੇ ਸਿੰਗਾਪੁਰ) 1 ਪ੍ਰਤੀਨਿਧੀ ਦਫ਼ਤਰ - ਈਰਾਨ 61.25% ਸ਼ਾਖਾਵਾਂ ਪੇਂਡੂ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ ਹਨ, ਜੋ ਵਿੱਤੀ ਸਮਾਵੇਸ਼ ਨੂੰ ਉਤਸ਼ਾਹਿਤ ਕਰਦੀਆਂ ਹਨ।

ਯੂਕੋ ਬੈਂਕ ਨੇ ਦਸੰਬਰ 2025 ਤਿਮਾਹੀ ਲਈ ਮਜ਼ਬੂਤ ਵਿੱਤੀ ਪ੍ਰਦਰਸ਼ਨ ਦੀ ਰਿਪੋਰਟ ਕੀਤੀ ਹੈ

ਯੂਕੋ ਬੈਂਕ ਨੇ 31 ਦਸੰਬਰ 2025 ਨੂੰ ਖਤਮ ਹੋਈ ਤਿਮਾਹੀ ਅਤੇ ਨੌਂ ਮਹੀਨਿਆਂ ਲਈ ਇੱਕ ਮਜ਼ਬੂਤ ਵਿੱਤੀ ਪ੍ਰਦਰਸ਼ਨ ਦੀ ਰਿਪੋਰਟ ਕੀਤੀ ਹੈ।

ਬੈਂਕ ਨੇ ਤਿਮਾਹੀ ਲਈ_ 739 ਕਰੋੜ ਦਾ ਸ਼ੁੱਧ ਲਾਭ ਦਰਜ ਕੀਤਾ, ਜਿਸ ਵਿੱਚ ਸਾਲ-ਦਰ-ਸਾਲ 15.65% ਵਾਧਾ ਦਰਜ ਕੀਤਾ ਗਿਆ, ਜਦੋਂ ਕਿ ਸੰਚਾਲਨ ਲਾਭ ਰੁ: 1,680 ਕਰੋੜ ਰਿਹਾ, ਜੋ ਕਿ 5.93% ਵਾਧਾ ਦਰਸਾਉਂਦਾ ਹੈ।

31 ਦਸੰਬਰ 2025 ਤੱਕ, ਬੈਂਕ ਦਾ ਕੁੱਲ ਕਾਰੋਬਾਰ ਰੁ: 5.53 ਲੱਖ ਕਰੋੜ ਤੱਕ ਪਹੁੰਚ ਗਿਆ, ਜਿਸ ਵਿੱਚ ਸਾਲ-ਦਰ-ਸਾਲ 13.25% ਦਾ ਵਾਧਾ ਦਰਜ ਕੀਤਾ ਗਿਆ। ਕੁੱਲ ਪੇਸ਼ਗੀ ਰੁ: 2.43 ਲੱਖ ਕਰੋੜ ਤੱਕ ਵਧ ਗਈ, ਜਦੋਂ ਕਿ ਕੁੱਲ ਜਮ੍ਹਾਂ ਰਕਮ ਰੁ: 3.10 ਲੱਖ ਕਰੋੜ ਤੱਕ ਵਧ ਗਈ।

ਪ੍ਰਚੂਨ, ਖੇਤੀਬਾੜੀ ਅਤੇ MSME (RAM) ਪੋਰਟਫੋਲੀਓ ਵਿੱਚ ਮਜ਼ਬੂਤ ਗਤੀ ਦੇਖਣ ਨੂੰ ਮਿਲੀ, ਜੋ 25.86% ਵਧ ਕੇ ਰੁ: 1.43 ਲੱਖ ਕਰੋੜ ਹੋ ਗਈ।

ਸੰਪਤੀ ਦੀ ਗੁਣਵੱਤਾ ਵਿੱਚ ਸੁਧਾਰ ਜਾਰੀ ਰਿਹਾ, ਕੁੱਲ NPA ਘੱਟ ਕੇ 2.41% ਅਤੇ ਸ਼ੁੱਧ NPA ਘੱਟ ਕੇ 0.36% ਹੋ ਗਿਆ। ਪੂੰਜੀ ਅਨੁਕੂਲਤਾ ਅਨੁਪਾਤ 17.43% 'ਤੇ ਮਜ਼ਬੂਤ ਰਿਹਾ, ਜੋ ਬੈਂਕ ਦੀ ਮਜ਼ਬੂਤ ਵਿੱਤੀ ਸਥਿਤੀ ਨੂੰ ਦਰਸਾਉਂਦਾ ਹੈ।

CASA ਅਨੁਪਾਤ 38.41% ਤੱਕ ਸੁਧਰ ਗਿਆ, ਬਿਹਤਰ ਸੰਚਾਲਨ ਕੁਸ਼ਲਤਾ ਅਤੇ ਵਪਾਰਕ ਵਿਕਾਸ ਦੁਆਰਾ ਸਮਰਥਤ।

ਯੂਕੋ ਬੈਂਕ 3,327 ਘਰੇਲੂ ਸ਼ਾਖਾਵਾਂ ਦੇ ਆਪਣੇ ਵਿਆਪਕ ਨੈੱਟਵਰਕ ਰਾਹੀਂ ਵਿੱਤੀ ਸਮਾਵੇਸ਼ ਨੂੰ ਮਜ਼ਬੂਤ ਕਰਨਾ ਜਾਰੀ ਰੱਖਦਾ ਹੈ, ਜਿਸ ਵਿੱਚੋਂ 61% ਤੋਂ ਵੱਧ ਪੇਂਡੂ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ ਸਥਿਤ ਹਨ।


## 'ਇੰਟਰਨੈੱਟ ਨਹੀਂ ਸੀ, ਹਰ ਪਾਸੇ...' ਈਰਾਨ ਤੋਂ ਪਹਿਲੀ ਫਲਾਈਟ ਦਿੱਲੀ ਪਹੁੰਚੀ

### ਸਥਿਤੀ ਕੁਝ ਹੱਦ ਤੱਕ ਸ਼ਾਂਤ ਹੋ ਰਹੀ, ਟਰੰਪ ਨੇ ਵੀ ਆਪਣਾ ਹਮਲਾਵਰ ਰੁਖ਼ ਨਰਮ ਕੀਤਾ

ਨਵੀਂ ਦਿੱਲੀ, 18 ਜਨਵਰੀ , (ਚ.ਨ.ਸ.) : ਈਰਾਨ ਵਿੱਚ ਖ਼ਾਮੇਨੇਈ ਸ਼ਾਸਨ ਦੇ ਖ਼ਿਲਾਫ਼ ਭੜਕੇ ਹਿੰਸਕ ਪ੍ਰਦਰਸ਼ਨਾਂ ਦੇ ਵਿਚਕਾਰ ਭਾਰਤੀ ਨਾਗਰਿਕਾਂ ਨੂੰ ਲੈ ਕੇ ਪਹਿਲੀਆਂ ਦੋ ਵਪਾਰਕ ਉਡਾਣਾਂ ਬੀਤੀ ਰਾਤ ਦਿੱਲੀ ਪਹੁੰਚੀਆਂ। ਇਹ ਨਿਯਮਤ ਫਲਾਈਟਾਂ ਸਨ, ਕਿਸੇ ਵਿਸ਼ੇਸ਼ ਨਿਕਾਸੀ ਮੁਹਿੰਮ ਦਾ ਹਿੱਸਾ ਨਹੀਂ। ਹਾਲਾਂਕਿ, ਹਾਲਾਤ ਨੂੰ ਦੇਖਦੇ ਹੋਏ ਭਾਰਤ ਸਰਕਾਰ ਕਿਸੇ ਵੀ ਐਮਰਜੈਂਸੀ ਸਥਿਤੀ ਲਈ ਤਿਆਰ ਹੈ ਅਤੇ ਪਹਿਲਾਂ ਹੀ ਨਾਗਰਿਕਾਂ ਨੂੰ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਸਲਾਹ ਦੇ ਚੁੱਕੀ ਹੈ।15 ਜਨਵਰੀ ਨੂੰ ਈਰਾਨੀ ਹਵਾਈ ਖੇਤਰ ਕੁਝ ਸਮੇਂ ਲਈ ਬੰਦ ਰਹਿਣ ਕਾਰਨ ਭਾਰਤ ਤੋਂ ਕਈ ਉਡਾਣਾਂ ਪ੍ਰਭਾਵਿਤ ਹੋਈਆਂ ਸਨ। ਹੁਣ ਸਥਿਤੀ ਹੌਲੀ-ਹੌਲੀ ਆਮ ਵਾਂਗ ਹੋ ਰਹੀ ਹੈ, ਪਰ ਕਈ ਭਾਰਤੀਆਂ ਨੇ







ਸਾਵਧਾਨੀ ਦੇ ਤੌਰ 'ਤੇ ਵਾਪਸ ਪਰਤਣਾ ਬਿਹਤਰ ਸਮਝਿਆ।ਦਿੱਲੀ ਪਹੁੰਚੇ ਯਾਤਰੀਆਂ ਨੇ ਦੱਸਿਆ ਕਿ ਭਾਰਤ ਸਰਕਾਰ ਅਤੇ ਤੇਹਰਾਨ ਸਥਿਤ ਭਾਰਤੀ ਦੂਤਾਵਾਸ ਲਗਾਤਾਰ ਸਲਾਹ ਅਤੇ ਸਹਾਇਤਾ ਮੁਹੱਈਆ ਕਰਵਾਉਂਦੇ ਰਹੇ। ਦੂਤਾਵਾਸ ਭਾਰਤੀ ਸ਼ਰਧਾਲੂਆਂ, ਵਿਦਿਆਰਥੀਆਂ, ਸੈਲਾਨੀਆਂ ਅਤੇ ਵਪਾਰੀਆਂ ਨਾਲ ਲਗਾਤਾਰ ਸੰਪਰਕ ਵਿੱਚ ਸੀ।ਈਰਾਨ ਤੋਂ ਪਰਤੀ ਇੱਕ ਐੱਮ.ਬੀ.ਬੀ.ਐੱਸ ਵਿਦਿਆਰਥਣ ਨੇ ਗੱਲਬਾਤ ਕਰਦਿਆਂ ਕਿਹਾ ਕਿ ਉਸਨੇ ਵਿਰੋਧ ਪ੍ਰਦਰਸ਼ਨਾਂ ਦੀਆਂ ਖ਼ਬਰਾਂ ਤਾਂ ਸੁਣੀਆਂ ਸਨ, ਪਰ ਖ਼ੁਦ ਕਿਸੇ ਪ੍ਰਦਰਸ਼ਨ ਦਾ ਸਾਹਮਣਾ ਨਹੀਂ ਕੀਤਾ। ਦੂਜੇ ਪਾਸੇ ਇੱਕ ਹੋਰ ਭਾਰਤੀ ਨਾਗਰਿਕ, ਜੋ ਇੱਕ ਮਹੀਨੇ ਤੋਂ ਈਰਾਨ ਵਿੱਚ ਸੀ, ਨੇ ਦੱਸਿਆ ਕਿ ਪਿਛਲੇ ਦੋ ਹਫ਼ਤਿਆਂ ਵਿੱਚ ਸਥਿਤੀ ਜ਼ਿਆਦਾ ਤਣਾਅਪੂਰਨ ਰਹੀ।ਉਨ੍ਹਾਂ ਨੇ ਕਿਹਾ ਕਿ, ਬਾਹਰ ਨਿਕਲਦੇ ਹੀ ਪ੍ਰਦਰਸ਼ਨਕਾਰੀ ਗੱਡੀਆਂ ਦੇ ਅੱਗੇ ਆ ਜਾਂਦੇ ਸਨ। ਹਲਕੀਆਂ ਝੜਪਾਂ ਹੁੰਦੀਆਂ ਸਨ। ਇੰਟਰਨੈੱਟ ਨਾ ਹੋਣ ਕਾਰਨ ਪਰਿਵਾਰ ਨਾਲ ਸੰਪਰਕ ਨਹੀਂ ਕਰ ਪਾ ਰਹੇ ਸੀ, ਇੱਥੋਂ ਤੱਕ ਕਿ ਦੂਤਾਵਾਸ ਨਾਲ ਸੰਪਰਕ ਕਰਨਾ ਵੀ ਮੁਸ਼ਕਲ ਹੋ ਗਿਆ ਸੀ।ਕੰਮ ਦੇ ਸਿਲਸਿਲੇ ਵਿੱਚ ਈਰਾਨ ਗਏ ਇੱਕ ਇਲੈਕਟ੍ਰੀਕਲ ਇੰਜੀਨੀਅਰ ਨੇ ਕਿਹਾ ਕਿ ਉਨ੍ਹਾਂ ਲਈ ਸਭ ਤੋਂ ਵੱਡੀ ਸਮੱਸਿਆ ਸਿਰਫ਼ ਨੈੱਟਵਰਕ ਦੀ ਕਮੀ ਰਹੀ। ਉਨ੍ਹਾਂ ਦੱਸਿਆ ਕਿ ਹੁਣ ਹਾਲਾਤ ਸੁਧਰਨ ਲੱਗੇ ਹਨ ਅਤੇ ਆਮ ਗਤੀਵਿਧੀਆਂ ਫਿਰ ਤੋਂ ਸ਼ੁਰੂ ਹੋ ਰਹੀਆਂ ਹਨ।ਇੱਕ ਹੋਰ ਯਾਤਰੀ ਨੇ ਦੱਸਿਆ ਕਿ ਪ੍ਰਦਰਸ਼ਨ ਕਾਫ਼ੀ ਹਿੰਸਕ ਸਨ, ਅੱਗਜ਼ਨੀ ਵੀ ਦੇਖੀ ਗਈ, ਪਰ ਸ਼ਾਸਨ ਦੇ ਸਮਰਥਕ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ। ਉਨ੍ਹਾਂ ਕਿਹਾ ਕਿ ਹੁਣ ਤੇਹਰਾਨ ਵਿੱਚ ਸਥਿਤੀ ਸਥਿਰ ਦਿਖਾਈ ਦੇ ਰਹੀ ਹੈ।ਦਸੰਬਰ ਦੇ ਆਖਰੀ ਹਫ਼ਤੇ ਤੋਂ ਈਰਾਨ ਵਿੱਚ ਤਣਾਅ ਵਧਿਆ, ਜਦੋਂ ਅਲੀ ਖ਼ਾਮੇਨੇਈ ਸਰਕਾਰ ਦੇ ਖ਼ਿਲਾਫ਼ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਭੜਕ ਉੱਠੇ। ਰਿਪੋਰਟਾਂ ਅਨੁਸਾਰ, ਪਿਛਲੇ ਦੋ ਹਫ਼ਤਿਆਂ ਵਿੱਚ ਲੱਗਭੱਗ 3,000 ਲੋਕਾਂ ਦੀ ਜਾਨ ਗਈ ਹੈ।

## ਮਿਰਰਾ ਐਂਡਰੀਵਾ ਨੇ ਜਿੱਤਿਆ ਐਡੀਲੇਡ ਇੰਟਰਨੈਸ਼ਨਲ ਦਾ ਖ਼ਿਤਾਬ

ਐਡੀਲੇਡ, 18 ਜਨਵਰੀ , (ਚ.ਨ.ਸ.) : ਐਡੀਲੇਡ ਇੰਟਰਨੈਸ਼ਨਲ ਟੈਨਿਸ ਟੂਰਨਾਮੈਂਟ ਵਿੱਚ ਤੀਜੀ ਦਰਜਾ ਪ੍ਰਾਪਤ ਮਿਰਰਾ ਐਂਡਰੀਵਾ ਨੇ ਆਪਣੀ ਖੇਡ ਦਾ ਲੋਹਾ ਮਨਵਾਉਂਦੇ ਹੋਏ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਸ਼ਨੀਵਾਰ ਨੂੰ ਖੇਡੇ ਗਏ ਫਾਈਨਲ ਮੁਕਾਬਲੇ ਵਿੱਚ 18 ਸਾਲਾ ਐਂਡਰੀਵਾ ਨੇ ਕੈਨੇਡਾ ਦੀ 19 ਸਾਲਾ ਖਿਡਾਰਨ ਵਿਕਟੋਰੀਆ ਐਮਬੋਕੋ ਨੂੰ ਸਿੱਧੇ ਸੈੱਟਾਂ ਵਿੱਚ 6-3, 6-1 ਨਾਲ ਹਰਾ ਕੇ ਖਿਤਾਬ ਆਪਣੇ ਨਾਮ ਕੀਤਾ।ਮੈਚ ਦੀ ਸ਼ੁਰੂਆਤ ਐਂਡਰੀਵਾ ਲਈ ਕੁਝ ਖਾਸ ਨਹੀਂ ਰਹੀ ਸੀ ਅਤੇ ਉਹ ਪਹਿਲੇ ਸੈੱਟ ਵਿੱਚ 0-3 ਨਾਲ ਪਿੱਛੇ ਚੱਲ ਰਹੀ ਸੀ। ਹਾਲਾਂਕਿ, ਉਸਨੇ ਇੱਥੋਂ ਅਜਿਹੀ ਵਾਪਸੀ ਕੀਤੀ ਕਿ ਐਮਬੋਕੋ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਦਿੱਤਾ। ਐਂਡਰੀਵਾ ਨੇ ਲਗਾਤਾਰ ਨੌਂ ਗੇਮ ਜਿੱਤ ਕੇ ਮੈਚ 'ਤੇ ਆਪਣੀ ਪਕੜ ਮਜ਼ਬੂਤ ਕਰ ਲਈ ਅਤੇ ਆਸਾਨੀ ਨਾਲ ਮੈਚ ਜਿੱਤ ਕੇ ਆਪਣਾ ਪੰਜਵਾਂ WTA ਖਿਤਾਬ ਹਾਸਲ ਕਰ ਲਿਆ।ਨੌਜਵਾਨ ਸਿਤਾਰਿਆਂ



ਵਿਚਾਲੇ ਟੱਕਰ ਇਹ ਮੁਕਾਬਲਾ ਡਬਲਯੂ.ਟੀ.ਏ. (WTA) ਟੂਰ ਦੀਆਂ ਉਨ੍ਹਾਂ ਦੋ ਉੱਭਰਦੀਆਂ ਖਿਡਾਰਨਾਂ ਵਿਚਕਾਰ ਸੀ ਜੋ 20 ਸਾਲ ਤੋਂ ਘੱਟ ਉਮਰ ਦੀਆਂ ਹੋਣ ਦੇ ਬਾਵਜੂਦ ਰੈਂਕਿੰਗ ਵਿੱਚ ਚੋਟੀ ਦੇ 20 ਵਿੱਚ ਸ਼ਾਮਲ ਹਨ। ਜਿੱਥੇ ਕੈਨੇਡੀਅਨ ਖਿਡਾਰਨ ਐਮਬੋਕੋ ਨੇ ਸ਼ੁਰੂਆਤੀ ਬੜ੍ਹਤ ਬਣਾ ਕੇ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਉੱਥੇ ਹੀ ਐਂਡਰੀਵਾ ਨੇ ਆਪਣੀ ਲੈਅ ਫੜਦਿਆਂ ਵਿਰੋਧੀ ਖਿਡਾਰਨ ਦੀ ਇੱਕ ਨਾ ਚੱਲਣ ਦਿੱਤੀ।



# ਪਟਿਆਲਾ-ਆਸ/ਪਾਸ



## ਆਮ ਆਦਮੀ ਪਾਰਟੀ ਵਿਰਾਸਤ ਸੇਵਾ ਸੰਗਠਨ ਮਾਲਵਾ ਈਸਟ ਜੋਨ ਦੇ ਨਵ ਨਿਯੁਕਤ ਜ਼ਿਲ੍ਹਾ ਅਤੇ ਹਲਕਾ ਕੋਆਰਡੀਨੇਟਰਾਂ ਦੀ ਮੀਟਿੰਗ



ਪਟਿਆਲਾ, 18 ਜਨਵਰੀ (ਰੁਪਾਣਾ): ਆਮ ਆਦਮੀ ਪਾਰਟੀ ਦੇ ਵਿਰਾਸਤ ਸੇਵਾ ਸੰਗਠਨ ਦੀ ਪਲੇਠੀ ਮੀਟਿੰਗ ਅੱਜ ਸਥਾਨਕ ਸਰਕਟ ਹਾਊਸ ਵਿਖੇ ਸੰਗਠਨ ਦੇ ਨਵ ਨਿਯੁਕਤ ਸਟੇਟ ਸੈਕਟਰੀ ਜੱਸੀ ਸੋਹੀਆ ਵਾਲਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਨਾਭਾ ਅਤੇ ਸਟੇਟ ਸੈਕਟਰੀ ਕੇਵਲ ਸਿੰਘ ਜਾਗੋਵਾਲ ਚੇਅਰਮੈਨ ਇੰਪਰੂਵਮੈਂਟ ਟਰੱਸਟ ਮਾਲੇਰਕੋਟਲਾ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਸੰਗਠਨ ਦੇ ਨਵ ਨਿਯੁਕਤ ਸੂਬਾ ਪ੍ਰਧਾਨ ਸ਼ਮਿੰਦਰ ਸਿੰਘ ਖਿੰਡਾ ਚੇਅਰਮੈਨ ਪੰਜਾਬ ਐਗਰੋ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਮਾਲਵਾ ਈਸਟ ਜੋਨ ਨਾਲ ਸਬੰਧਤ ਜ਼ਿਲ੍ਹਾ ਪ੍ਰਧਾਨ ਅਤੇ ਹਲਕਾ ਕੋਆਰਡੀਨੇਟਰ ਹਾਜ਼ਰ ਰਹੇ। ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਗਠਨ ਦੇ ਸੂਬਾ ਪ੍ਰਧਾਨ ਚੇਅਰਮੈਨ ਸ਼ਮਿੰਦਰ ਸਿੰਘ ਖਿੰਡਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਲਾਈ ਦਿੱਤੀ ਗਈ ਜ਼ਿਮੇਵਾਰੀ ਤਹਿਤ ਅੱਜ ਮਾਲਵਾ ਈਸਟ ਜੋਨ ਦੇ ਜ਼ਿਲ੍ਹਾ ਅਤੇ ਹਲਕਾ ਕੋਆਰਡੀਨੇਟਰਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨਾਲ ਸੰਗਠਨ ਨੂੰ ਬੂਥ ਪੱਧਰ ਤੋਂ ਵਧੀਆ ਢੰਗ ਨਾਲ ਮਜ਼ਬੂਤ ਕਰਨ ਲਈ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਸਰਧਾਲੂਆਂ ਲਈ ਕਾਫੀ ਲਾਹੇਵੰਦ ਸਾਬਤ ਹੋ ਰਹੀ ਹੈ, ਜਿਸ ਨਾਲ ਸੰਗਤਾਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਰਹੀਆਂ ਹਨ ਅਤੇ ਇਸ ਯੋਜਨਾ ਨੂੰ ਸਰਕਾਰ ਵਲੋਂ ਨਿਰਵਿਘਨ ਵਧੀਆ ਢੰਗ ਨਾਲ ਚਲਾਇਆ ਜਾ ਰਿਹਾ ਹੈ ਤਾਂ ਜੋ ਕੋਈ ਵੀ ਬਜ਼ੁਰਗ ਇਸ ਤੋਂ ਵਾਂਝਾ ਨਾ ਰਹਿ ਸਕੇ।

ਇਸ ਮੌਕੇ ਸਟੇਟ ਸੈਕਟਰੀ ਜੱਸੀ ਸੋਹੀਆਂ ਵਾਲਾ ਚੇਅਰਮੈਨ, ਸਟੇਟ ਸੈਕਟਰੀ ਕੇਵਲ ਸਿੰਘ ਜਾਗੋਵਾਲ ਦੀ ਅਗਵਾਈ ਹੇਠ ਨਵ ਨਿਯੁਕਤ ਸੂਬਾ ਪ੍ਰਧਾਨ, ਜ਼ਿਲ੍ਹਾ ਕੋਆਰਡੀਨੇਟਰ ਤੇ ਹਲਕਾ ਕੋਆਰਡੀਨੇਟਰਾਂ ਦਾ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਜ਼ਿਲ੍ਹਾ ਪਟਿਆਲਾ ਦਿਹਾਤੀ ਤੋਂ ਸੰਗਠਨ ਕੋਆਰਡੀਨੇਟਰ ਹਨੀ ਮਾਹਲਾ ਚੇਅਰਮੈਨ ਮਾਰਕੀਟ ਕਮੇਟੀ ਡਕਾਲਾ, ਪਟਿਆਲਾ ਅਰਬਨ ਦੇ ਜ਼ਿਲ੍ਹਾ ਕੋਆਰਡੀਨੇਟਰ ਰਘਵੀਰ ਸਿੰਘ ਗੋਪਾਲਪੁਰ, ਰੂਪਨਗਰ ਦੇ ਜ਼ਿਲ੍ਹਾ ਕੋਆਰਡੀਨੇਟਰ ਹਰਮਿੰਦਰ ਸਿੰਘ ਢਾਹੇ ਚੇਅਰਮੈਨ ਪਲੈਨਿੰਗ ਬੋਰਡ, ਮੋਹਾਲੀ ਦੇ ਜ਼ਿਲ੍ਹਾ ਕੋਆਰਡੀਨੇਟਰ ਬਲਵਿੰਦਰ ਸਿੰਘ ਆਲਮਗੀਰ, ਸੰਗਰੂਰ ਦੇ ਜ਼ਿਲ੍ਹਾ ਕੋਆਰਡੀਨੇਟਰ ਚਰਨਜੀਤ ਸਿੰਘ ਚੰਨੀ, ਮਾਲੇਰਕੋਟਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਤਰਸੇਮ ਸਿੰਘ, ਹਲਕਾ ਕੋਆਰਡੀਨੇਟਰ ਸਹਿਜਪਾਲ ਸਿੰਘ ਲਾਡਾ ਹਲਕਾ ਘਨੌਰ, ਹਰਮਿੰਦਰਪਾਲ ਸਿੰਘ ਸ਼ਭਰਵਾਲ ਪਟਿਆਲਾ ਸ਼ਹਿਰੀ, ਬਲਜੀਤ ਸਿੰਘ ਮੌਲੀਵਾਲ ਹਲਕਾ ਸੁਤਰਾਣਾ, ਦਵਿੰਦਰ ਸਿੰਘ ਨਰਮਾਣਾ ਹਲਕਾ ਨਾਭਾ, ਤੇਜਿੰਦਰ ਸਿੰਘ ਬਠੋਈ ਹਲਕਾ ਸਮਾਣਾ, ਸੁਰੇਸ਼ ਰਾਏ ਪਟਿਆਲਾ ਦਿਹਾਤੀ, ਅਜੈ ਚੌਧਰੀ ਹਲਕਾ ਰਾਜਪੁਰਾ, ਫੂਲਰਾਜ ਸਿੰਘ ਮੋਹਾਲੀ, ਜਸਵਿੰਦਰ ਸਿੰਘ ਹਲਕਾ ਡੇਰਾ ਬੱਸੀ, ਅਨੀਲ ਭਾਟੀਆ ਹਲਕਾ ਖਰੜ, ਮੋਹਣ ਸਿੰਘ ਸ੍ਰੀ ਚਮਕੌਰ ਸਾਹਿਬ, ਜਾਫਰ ਅਲੀ ਹਲਕਾ ਮਾਲੇਰਕੋਟਲਾ, ਚਮਕੌਰ ਸਿੰਘ ਗੁਆਰਾ ਹਲਕਾ ਅਮਰਗੜ੍ਹ, ਭਿੰਦਾ ਵਿਰਕ ਹਲਕਾ ਧੂਰੀ, ਗਗਨਦੀਪ ਸਿੰਘ ਹਲਕਾ ਸੰਗਰੂਰ, ਸੰਜੇ ਸਿੰਗਲਾ ਹਲਕਾ ਲਹਿਰਾ, ਪ੍ਰਦੀਪ ਸਿੰਘ ਕਾਕੂ ਹਲਕਾ ਰੂਪਨਗਰ ਅਤੇ ਸ਼ਾਮ ਲਾਲ ਹਲਕਾ ਆਨੰਦਪੁਰ ਸਾਹਿਬ ਆਦਿ ਮੌਜੂਦ ਸਨ।

## ਇੰਟਰਨੈਸ਼ਨਲ ਬਾਕਸਿੰਗ ਖਿਡਾਰੀ ਮਨਜੀਤ ਮੰਨਾ ਪੰਜਾਬ ਪੁਲਿਸ ਵਿਚ ਪਰਮੋਟ ਹੋ ਕੇ ਏਐਸਆਈ ਬਣੇ



ਡਕਾਲਾ/ਬਲਬੇੜ੍ਹਾ, 18 ਜਨਵਰੀ (ਗੁਰਸੇਵਕ ਸਿੰਘ ਕਰਹਾਲੀ ਸਾਹਿਬ): ਨੇੜਲੇ ਪਿੰਡ ਨਿਜ਼ਾਮਨੀਵਾਲਾ ਦੇ ਖੇਤੀਬਾੜੀ ਨਾਲ ਸਬੰਧਤ ਕਿਸਾਨ ਪਰਿਵਾਰ ਵਿੱਚ ਜੰਮਪਲ ਇੰਟਰਨੈਸ਼ਨਲ ਬਾਕਸਿੰਗ ਖਿਡਾਰੀ ਮਨਜੀਤ ਮੰਨਾ ਪੰਜਾਬ ਪੁਲਿਸ ਵਿਚ ਪਰਮੋਟ ਹੋ ਕੇ ਏਐਸਆਈ ਬਣੇ। ਡੀਆਈਜੀ ਪਟਿਆਲਾ ਕੁਲਦੀਪ ਚਾਹਲ, ਐਸਐਸਪੀ ਵਰੁਣ ਸ਼ਰਮਾਂ ਪਟਿਆਲਾ ਅਤੇ ਐਸ ਪੀ ਹੈੱਡ ਕੁਆਟਰ ਨੇ ਮਨਜੀਤ ਮੰਨਾ ਦੇ ਮੋਢਿਆ ਤੇ ਸਟਾਰ ਲਗਾ ਕੇ ਤਰੱਕੀ ਦਿੱਤੀ। ਜਿਕਰਯੋਗ ਹੈ ਕਿ ਮਨਜੀਤ ਮੰਨਾ ਆਪਣੇ ਸਮੇਂ ਦੇ ਨਾਮਵਰ ਬਾਕਸਿੰਗ ਖਿਡਾਰੀ ਰਹੇ ਹਨ, ਅਤੇ ਉਹ ਕਰੀਬ 10 ਸਾਲ ਇੰਡੀਆ ਟੀਮ ਦਾ ਹਿੱਸਾ ਰਹੇ ਹਨ। ਸਾਲ 2013 ਵਿੱਚ ਚਾਈਨਾ ਵਿੱਚ ਹੋਈਆਂ ਏਸ਼ੀਆ ਪੱਧਰ ਦੀਆਂ ਖੇਡਾਂ ਵਿੱਚ ਸਿਲਵਰ ਮੈਡਲ ਜਿੱਤ ਕੇ ਦੇਸ਼ ਦਾ ਨਾਮ ਰੌਸ਼ਨ ਕਰਨ ਤੋਂ ਇਲਾਵਾ ਕਿਊਬਾ ਅਤੇ ਪਾਕਿਸਤਾਨ ਵਿੱਚ ਵੀ ਭਾਰਤ ਦੇਸ਼ ਦੀ ਟੀਮ ਵਲੋਂ ਖੇਡ ਕੇ ਚੰਗਾ ਪ੍ਰਦਰਸ਼ਨ ਕਰ ਚੁੱਕੇ ਹਨ। ਕੋਚ ਹਰਪ੍ਰੀਤ ਸਿੰਘ ਹੁੰਦਲ ਤੋਂ ਬਾਕਸਿੰਗ ਦੇ ਗੁਰ ਸਿਖ ਕੇ ਮਨਜੀਤ ਮੰਨਾ ਨੇ ਵੱਡੇ ਵੱਡੇ ਖਿਡਾਰੀਆਂ ਤੋਂ ਲੋਹਾ ਮਨਵਾਇਆ ਹੈ। ਕੋਚ ਹਰਪ੍ਰੀਤ ਸਿੰਘ ਹੁੰਦਲ ਨੇ ਦੱਸਿਆ ਕਿ ਪਿਛਲੇ ਥੋੜੇ ਸਮੇਂ ਤੋਂ ਮੰਨਾ ਦੇ ਸੱਟ ਲੱਗਣ ਕਰਕੇ ਮੇਜਰ ਇੰਜਰੀਆਂ ਹੋਣ ਕਾਰਨ ਉਨ੍ਹਾਂ ਨੂੰ ਬਾਕਸਿੰਗ ਤੋਂ ਦੂਰ ਹੋਣਾ ਪਿਆ। ਇਸ ਮੌਕੇ ਏਐਸਆਈ ਮਨਜੀਤ ਮੰਨਾ ਨੇ ਕਿਹਾ ਕਿ ਉਹਨਾਂ ਦੇ ਮੋਢਿਆਂ ਤੇ ਸਟਾਰ ਲੱਗਣ ਨਾਲ ਜਿੰਮੇਵਾਰੀ ਦਾ ਜਿਹੜਾ ਬੋਝ ਹੋਰ ਵਧਿਆ ਹੈ, ਉਹ ਅੱਗੇ ਤੋਂ ਆਪਣੀ ਡਿਊਟੀ ਚੰਗੇ ਤਰੀਕੇ ਨਾਲ ਨਿਭਾ ਕੇ ਪਟਿਆਲਾ ਵਾਸੀਆਂ ਦੀ ਸੇਵਾ ਕਰਨਗੇ।

## ਹਰਿੰਦਰ ਭਟੇਜਾ ਸਰਬਸੰਮਤੀ ਨਾਲ ਗਰੀਨ ਟਾਊਨ ਕਲੌਨੀ ਸਮਾਣਾ ਦੇ ਪ੍ਰਧਾਨ ਚੁਣੇ



ਸਮਾਣਾ 18 ਜਨਵਰੀ (ਹਰਜਿੰਦਰ ਸਿੰਘ) ਸਮਾਣਾ ਇਲਾਕੇ ਦੀ ਮਾਣਮੱਤੀ ਸ਼ਖ਼ਸੀਅਤ ਅਤੇ ਉੱਘੇ ਸਮਾਜ ਸੇਵੀ ਸ੍ਰੀ ਹਰਿੰਦਰ ਭਟੇਜਾ ਸਰਬਸੰਮਤੀ ਨਾਲ ਗਰੀਨ ਟਾਊਨ ਕਲੌਨੀ ਸਮਾਣਾ ਦੇ ਮੁੜ ਪ੍ਰਧਾਨ ਚੁਣੇ ਗਏ। ਸਮੂਹ ਕਲੌਨੀ ਵਾਸੀਆਂ ਵੱਲੋਂ ਸ੍ਰੀ ਹਰਿੰਦਰ ਭਟੇਜਾ ਦੀਆਂ ਪਿਛਲੇ ਕਾਰਜਕਾਲ ਦੌਰਾਨ ਦਿੱਤੀਆਂ ਗਈਆਂ ਚੰਗੀਆਂ ਸੇਵਾਵਾਂ ਨੂੰ ਦੇਖਦੇ ਹੋਏ ਮੁੜ ਇਸ ਸੇਵਾ ਲਈ ਚੁਣਿਆ ਗਿਆ ਹੈ। ਇਸ ਮੌਕੇ ਸ੍ਰੀ ਭਟੇਜਾ ਨੇ ਕਲੌਨੀ ਵਾਸੀਆਂ ਵੱਲੋਂ ਸੌਂਪੀ ਗਈ ਇਸ ਸੇਵਾ ਲਈ ਕਲੌਨੀ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਇਸ ਜਿੰਮੇਵਾਰੀ ਨੂੰ ਪੂਰੀ ਮਿਹਨਤ ਅਤੇ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਧਰਮਪਾਲ ਸਚਦੇਵਾ, ਅਸ਼ੋਕ ਛਾਬੜਾ, ਬੰਸੀ ਲਾਲ ਮਦਨ, ਅਸ਼ੋਕ ਮਦਾਨ, ਪਰਵੀਨ ਕਟਾਰੀਆ, ਯਸ਼ ਪਾਲ ਅਨੇਜਾ, ਕਵਲ, ਨੈਨ ਸੋਨੂੰ, ਸੰਨੀ ਅਰੋੜਾ, ਤਰਸੇਮ ਲਾਲ ਟੁਟੇਜਾ, ਭੀਮ ਸੈਨ ਦੂਆ, ਪੰਤਿਦ ਪੂਰਨ ਨੰਦ, ਸ਼ਾਮ ਲਾਲ ਬੱਤਰਾ, ਸ਼ੰਕਰ ਲਾਲ ਡੁਡੇਜਾ, ਆਸ਼ੂ ਤੁਲਾਨੀ, ਸੁਨੀਲ ਗਰੋਵਰ, ਰਾਜੂ ਕਾਮਰਾ, ਰਜਤ ਛਾਬੜਾ, ਜਗਦੀਸ਼ ਧਵਨ ਆਦਿ ਵੀ ਮੌਜੂਦ ਰਹੇ।



ਬੀਤੇ ਦਿਨੀਂ 19 ਡਾਕਟਰਜ਼ ਇਨਕਲੇਵ, ਸਟੇਡੀਅਮ ਰੋਡ, ਪਟਿਆਲਾ ਦੇ ਨਿਵਾਸੀ ਰੋਟੇਰੀਅਨ ਜਸਵੰਤ ਸਿੰਘ ਪੁਰੀ ਅਤੇ ਉਨ੍ਹਾਂ ਦੇ ਪਿਤਾ ਡਾ. ਅਜੀਤ ਐਸ. ਪੁਰੀ ਨੇ ਮਾਘੀ ਦੇ ਵਿਸ਼ੇਸ਼ ਮੌਕੇ ਤੇ ਨਵਜੀਵਨੀ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਟਿਆਲਾ ਦੇ 50 ਵਿਦਿਆਰਥੀਆਂ ਨੂੰ ਆਪਣੀ ਰਿਹਾਇਸ਼ ਵਿਖੇ ਇੱਕ ਸਮਾਗਮ ਦੌਰਾਨ ਰਿਫਰੈਸ਼ਮੈਂਟ/ਦਾਨ ਦਿੱਤਾ।ਉਪਰਲੇ ਫੋਟੋ ਵਿੱਚ: ਸਭ ਤੋਂ ਖੱਬੇ ਪਾਸੇ ਨਿੱਜੀ ਸੁਰੱਖਿਆ ਕਰਮੀ ਦਿਖਾਈ ਦੇ ਰਹੇ ਹਨ, ਜਦਕਿ ਸਭ ਤੋਂ ਸੱਜੇ ਪਾਸੇ ਅਤੇ ਖੱਬੇ ਤੋਂ ਦੂਜੇ ਸਥਾਨ ਤੇ ਸਕੂਲ ਦੇ ਸਟਾਫ਼ ਮੈਂਬਰ ਹਨ। ਰੋਟੇਰੀਅਨ ਪੱਤਰਕਾਰ, ਸਮਾਜ ਸੇਵਕ, ਡਾਕਟਰ ਆਫ਼ ਲਿਟਰੇਜਰ (ਆਨਰੇਰੀ), ਪੰਜਾਬ ਰਤਨ ਡਾ. ਜਸਵੰਤ ਸਿੰਘ ਪੁਰੀ, ਜੋ ਕੌਫੀ ਰੰਗ ਦੀ ਉੱਨੀ ਓੜ੍ਹੇ ਹੋਏ ਹਨ, ਦਾਨ ਸਮੱਗਰੀ ਦਾ ਪੈਕਟ ਫੜੇ ਹੋਏ ਦਿਖਾਈ ਦੇ ਰਹੇ ਹਨ। ਹੇਠਾਂ ਦਾਨ ਕੀਤੀ ਗਈ ਸਮੱਗਰੀ ਨੂੰ ਦਰਸਾਇਆ ਗਿਆ ਹੈ।

## ਸੀਤਲਾ ਮਾਤਾ ਮੰਦਿਰ ਕਮੇਟੀ ਵੱਲੋਂ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ



ਸਮਾਣਾ 18 ਜਨਵਰੀ (ਵਿਜੇ ਕੁਮਾਰ) ਸੀਤਲਾ ਮਾਤਾ ਮੰਦਿਰ ਅਤੇ ਧਰਮਸ਼ਾਲਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਬੇਅੰਤ ਸਿੰਘ, ਚੇਅਰਮੈਨ ਨਰੇਸ਼ ਬਾਂਸਲ (ਨੂਰੀ), ਸੈਕਟਰੀ ਅਸ਼ੋਕ ਸਿੰਗਲਾ, ਕੈਸ਼ੀਅਰ ਸੰਦੀਪ ਕੁਮਾਰ ਦੀ ਅਗਵਾਈ ਅੱਖਾਂ ਦੇ ਚੈੱਕ ਅੱਪ ਅਤੇ ਆਪਰੇਸ਼ਨਾਂ ਦਾ ਪਹਿਲਾ ਮੁਫਤ ਕੈਂਪ ਅਗਰਵਾਲ ਧਰਮਸ਼ਾਲਾ ਵਿਖੇ ਲਗਾਇਆ ਗਿਆ।

ਕੈਂਪ ਦੌਰਾਨ ਰਜਿੰਦਰਾ ਹਸਪਤਾਲ ਤੋਂ ਡਾ: ਤਲਵੀਰ ਸਿੱਧੂ ਦੀ ਅਗਵਾਈ ਹੇਠ ਡਾਕਟਰਾਂ ਦੀ ਟੀਮ ਵੱਲੋਂ 175 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕ ਅੱਪ ਕੀਤਾ। ਜਿਨ੍ਹਾਂ ਵਿਚੋਂ55 ਮਰੀਜ਼ਾਂ ਦੀ ਆਪਰੇਸ਼ਨਾਂ ਲਈ ਚੋਣ ਕੀਤੀ ਗਈ। ਜਿਨ੍ਹਾਂ ਦੇ ਆਪਰੇਸ਼ਨ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਕੀਤੇ ਜਾਣਗੇ। ਇਸ ਮੌਕੇ ਪ੍ਰਧਾਨ ਬੇਅੰਤ ਸਿੰਘ ਵਰਮਾ ਅਤੇ ਚੇਅਰਮੈਨ ਨਰੇਸ਼ ਕੁਮਾਰ ਨੂਰੀ ਬਾਂਸਲ ਨੇ ਦੱਸਿਆ ਕਿ ਕੈਂਪ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਐਨਕਾਂ ਅਤੇ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ ਹਨ। ਇਸ ਮੌਕੇ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਦਨ ਮਿੱਤਲ ਨੇ ਸੀਤਲਾ ਮਾਤਾ ਮੰਦਿਰ ਅਤੇ ਧਰਮਸ਼ਾਲਾ ਪ੍ਰਬੰਧਕ ਕਮੇਟੀ ਵੱਲੋਂ ਲਗਾਏ ਗਏ ਅੱਖਾਂ ਦੇ ਕੈਂਪ ਦੀ ਤਾਰੀਫ ਕਰਦਿਆਂ ਕਿਹਾ ਕਿ ਕਮੇਟੀ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ। ਇਸ ਮੌਕੇ ਵਾਇਸ ਪ੍ਰਧਾਨ ਕੌਸਲਰ ਸੰਦੀਪ ਲੂੰਬਾ, ਜੁਆਇਟ ਸੈਕਟਰੀ ਸੇਖਚ ਸ਼ਰਮਾ, ਪ੍ਰੈਸ ਸੈਕਟਰੀ ਸ਼ਿਵ ਨਾਰਾਇਣ ਗਰਗ, ਲੀਗਲ ਐਡਵਾਈਜ਼ਰ ਐਡਵੋਕੇਟ ਰਿਸ਼ੀ ਚੋਪੜਾ, ਸੰਜੀਵ ਅਰੋੜਾ, ਅਸ਼ੋਕ ਖੇਤਰਪਾਲ, ਰਵੀ ਗਰਗ ਟਿੰਮਾ, ਹਰੀਸ਼ ਸਚਦੇਵਾ, ਪਵਨ ਗਰਗ, ਰਾਕੇਸ਼ ਕੁਮਾਰ ਗੋਸ਼ੀ, ਸੁਰੇਸ਼ ਕੁਮਾਰ ਗਰਗ, ਪ੍ਰਗਟ ਸਿੰਘ ਲਾਡੀਠ ਰਘੁਵੀਰ ਵਿਆਸ ਬ੍ਰਿਜਵਾਸੀ, ਸਤਵੀਰ ਸਿੰਘ ਜਿੰਮੀ, ਮਨਜੀਤ ਸਿੰਘ ਜੇ.ਈ, ਲੈਕਚਰਾਰ ਸ਼ੁਸੀਲ ਸ਼ਰਮਾ ਆਦਿ ਵੀ ਮੌਜੂਦ ਰਹੇ।

## ਗਾਹਕਾਂ ਦੀ ਉਡੀਕ ਕਰ ਰਿਹਾ ਨੌਜਵਾਨ ਨਸ਼ੀਲੀਆਂ ਗੋਲੀਆਂ ਸਣੇ ਕਾਬੂ

ਸਮਾਣਾ 18 ਜਨਵਰੀ (ਵਿਜੇ ਕੁਮਾਰ) ਨਸ਼ੀਲੀਆਂ ਗੋਲੀਆਂ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੇ ਇੱਕ ਨੌਜਵਾਨ ਨੂੰ ਸਦਰ ਪੁਲਿਸ ਨੇ 75 ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕਰਕੇ ਉਸ ਦੇ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਰਵੀ ਸਿੰਘ ਵਾਸੀ ਪਿੰਡ ਫਤਿਹਗੜ੍ਹ ਛੰਨਾ ਵਜੋਂ ਹੋਈ ਹੈ।

ਸਦਰ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਗਾਜੇਵਾਸ ਪੁਲਿਸ ਚੌਂਕੀ ਦੇ ਏ.ਐਸ.ਆਈ. ਹਰਬੰਸ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਫੋਕਲ ਪੁਆਇੰਟ ਗਾਜੇਵਾਸ ਵਿਖੇ ਮੌਜੂਦ ਸਨ। ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਨਸ਼ੀਲੀਆਂ ਗੋਲੀਆਂ ਵੇਚਣ ਲਈ ਪਿੰਡ ਫਤਿਹਗੜ੍ਹ ਛੰਨਾ ਨੇੜੇ ਗਾਹਕਾਂ ਦੀ ਉਡੀਕ ਕਰ ਰਿਹਾ ਹੈ। ਪੁਲਿਸ ਪਾਰਟੀ ਵੱਲੋਂ ਕੀਤੀ ਗਈ ਛਾਪੇਮਾਰੀ ਦੌਰਾਨ 75 ਨਸ਼ੀਲੀਆਂ ਗੋਲੀਆਂ ਬਰਾਮਦ ਹੋਣ @ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਗਾਜੇਵਾਸ ਪੁਲਿਸ ਇੰਚਾਰਜ ਅਨੁਸਾਰ ਮੁਲਜ਼ਮ ਖ਼ਿਲਾਫ਼ ਪਹਿਲਾਂ ਵੀ ਮਾਮਲੇ ਦਰਜ ਹਨ। ਉਸ ਕੋਲੋਂ ਪੁੱਛਗਿੱਛ ਲਈ ਮਾਣਯੋਗ ਅਦਾਲਤ ਤੋਂ ਰਿਮਾਂਡ ਹਾਸਲ ਕਰਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

## ਭਗਵੰਤ ਸਿੰਘ ਮਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਿਮਾਣੇ ਸਿੱਖ ਵਜੋਂ ਪੇਸ਼ ਹੋਣਾ ਸਿੱਖ ਇਤਿਹਾਸ ਦੀ ਮਿਸਾਲ : ਬਲਵਿੰਦਰ ਸਿੰਘ ਝਾੜਵਾਂ



ਘਨੌਰ 18 ਜਨਵਰੀ (ਰਾਜਿੰਦਰ ਸਿੰਘ ਕੰਬੋਜ): ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਿਮਾਣੇ ਸਿੱਖ ਵਜੋਂ ਪੇਸ਼ ਹੋ ਕੇ ਪੰਥਕ ਮਰਿਆਦਾ ਅਨੁਸਾਰ ਆਪਣੀ ਗੱਲ ਰੱਖਣਾ ਸਿੱਖ ਇਤਿਹਾਸ ਵਿੱਚ ਇੱਕ ਮਿਸਾਲੀ ਕਦਮ ਹੈ। ਇਹ ਪ੍ਰਗਟਾਵਾ ਪੀ ਆਰ ਟੀ ਸੀ ਦੇ ਉਪ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ ਨੇ ਜਾਰੀ ਬਿਆਨ ਵਿੱਚ ਕੀਤਾ।ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਭ ਤੋਂ ਉੱਚੀ ਤਖ਼ਤ ਹੈ, ਜਿੱਥੇ ਹਰ ਸਿੱਖ ਬਰਾਬਰੀ ਦੇ ਅਧਾਰ 'ਤੇ ਨਿਮਰਤਾ ਨਾਲ ਪੇਸ਼ ਹੁੰਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਿਸੇ ਵੀ ਅਹੁਦੇ ਜਾਂ ਸੱਤਾ ਦੇ ਗਰੂਰ ਤੋਂ ਉੱਪਰ ਉੱਠ ਕੇ ਨਿਮਾਣੇ ਸਿੱਖ ਵਜੋਂ ਹਾਜ਼ਰੀ ਭਰਨਾ ਇਹ ਦਰਸਾਉਂਦਾ ਹੈ ਕਿ ਉਹ ਸਿੱਖ ਮਰਿਆਦਾ ਅਤੇ ਪੰਥਕ ਸੰਸਥਾਵਾਂ ਦਾ ਪੂਰਾ ਸਤਿਕਾਰ ਕਰਦੇ ਹਨ।ਬਲਵਿੰਦਰ ਸਿੰਘ ਝਾੜਵਾਂ ਨੇ ਕਿਹਾ ਕਿ ਇਹ ਕਦਮ ਉਹਨਾਂ ਸਿਆਸਤਦਾਨਾਂ ਲਈ ਵੀ ਇੱਕ ਸਪਸ਼ਟ ਸੰਦੇਸ਼ ਹੈ ਜੋ ਸਿੱਖ ਸੰਸਥਾਵਾਂ ਨੂੰ ਨਜ਼ਰਅੰਦਾਜ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਗੁਰੂ ਸਾਹਿਬਾਨ ਦੇ ਸਿਧਾਂਤਾਂ 'ਤੇ ਚੱਲਦਿਆਂ ਨਿਮਰਤਾ, ਇਨਸਾਫ਼ ਅਤੇ ਸੇਵਾ ਦੀ ਰਾਹ 'ਤੇ ਅੱਗੇ ਵੱਧ ਰਹੀ ਹੈ।ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਮਾਨ ਦਾ ਇਹ ਕਦਮ ਪੰਜਾਬ ਅਤੇ ਪੰਥ ਦੇ ਹਿੱਤ ਵਿੱਚ ਹੈ ਅਤੇ ਇਸ ਨਾਲ ਨੌਜਵਾਨ ਪੀੜ੍ਹੀ ਨੂੰ ਵੀ ਸਹੀ ਦਿਸ਼ਾ ਮਿਲੇਗੀ। ਝਾੜਵਾਂ ਨੇ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਹਮੇਸ਼ਾਂ ਸਿੱਖ ਸੰਸਥਾਵਾਂ ਅਤੇ ਪੰਥਕ ਮਸਲਿਆਂ ਪ੍ਰਤੀ ਸੰਜੀਦਗੀ ਅਤੇ ਸਤਿਕਾਰ ਨਾਲ ਪੇਸ਼ ਆਉਂਦੀ ਰਹੇਗੀ।

## ਜਨਰਲ ਫੈਡਰੇਸ਼ਨ ਵਲੋਂ ਜਨਰਲ ਭਲਾਈ ਕਮਿਸ਼ਨ ਦਾ ਚੇਅਰਮੈਨ ਅਤੇ ਅਮਲਾ ਤੈਨਾਤ ਕਰਕੇ ਤੁਰੰਤ ਕਮਿਸਨ ਚਾਲੂ ਕਰਨ ਸਬੰਧੀ ਹਰਚੰਦ ਸਿੰਘ ਬਰਸਟ ਨੂੰ ਦਿੱਤਾ ਮੰਗ ਪੱਤਰ

ਪਟਿਆਲਾ (18 ਜਨਵਰੀ (ਚ.ਨ.ਸ.) ਜਨਰਲ ਕੈਟਾਗਰੀ ਵੈਲਫੇਅਰ ਫੈਡਰੇਸ਼ਨ, ਪੀਐਸਪੀਸੀਐਲ/ਪੀਐਸਟੀਸੀਐਲ, ਪੰਜਾਬ ਦੇ ਪ੍ਰਧਾਨ ਕੁਲਜੀਤ ਸਿੰਘ ਰਟੋਲ, ਵਿੱਤ ਸਕੱਤਰ ਹਰਗੁਰਮੀਤ ਸਿੰਘ, ਕੰਚਨ ਕੁਮਾਰ ਜੁਆਇੰਟ ਸਕੱਤਰ, ਅਸੋਕ ਚੋਪੜਾ ਪ੍ਰੈਸ ਸਕੱਤਰ, ਪਰਵਿੰਦਰ ਸਿੰਘ, ਰਾਜੀਵ ਕੁਮਾਰ, ਕ੍ਰਿਸਨ ਰਾਣਾ ਵਲੋਂ ਸ੍ਰ: ਹਰਚੰਦ ਸਿੰਘ ਬਰਸਟ ਜਨਰਲ ਸਕੱਤਰ ਆਮ ਆਦਮੀ ਪਾਰਟੀ ਅਤੇ ਚੇਅਰਮੈਨ ਮੰਡੀਕਰਨ ਬੋਰਡ, ਪੰਜਾਬ ਨੂੰ ਪੰਜਾਬ ਸਟੇਟ ਕਮਿਸ਼ਨ ਫਾਰਮ ਜਨਰਲ ਕੈਟਾਗਰੀ ਦਾ ਚੇਅਰਮੈਨ ਅਤੇ ਹੋਰ ਅਮਲਾ ਤੈਨਾਤ ਕਰਨ ਸਬੰਧੀ ਮੰਗ ਪੱਤਰ ਦਿੱਤਾ ਗਿਆ। ਸ੍ਰ: ਬਰਸਟ ਨੇ ਫੈਡਰੇਸ਼ਨ ਵਲੋਂ ਦੱਸੀਆਂ ਗਈਆਂ ਸਮੱਸਿਆਵਾਂ ਨੂੰ ਧਿਆਨਪੂਰਵਕ ਸੁਣਿਆ ਅਤੇ ਭਰੋਸਾ ਦਿੱਤਾ ਕਿ ਉਹਨਾਂ ਦਾ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਜੀ ਨੂੰ ਭੇਜਿਆ ਜਾਵੇਗਾ।

ਆਗੂਆਂ ਵਲੋਂ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਪਿਛਲੀ ਸਰਕਾਰ ਸਮੇਂ ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ (ਰਿਜਰਵੇਸ਼ਨ ਸੈਲ), ਚੰਡੀਗੜ੍ਹ ਵਲੋਂ ਮਿਤੀ 29.12.2021 ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ ਪੰਜਾਬ ਸਟੇਟ ਕਮਿਸ਼ਨ ਫਾਰਮ ਜਨਰਲ ਕੈਟਾਗਰੀ ਸਥਾਪਿਤ ਕੀਤਾ ਗਿਆ ਸੀ। ਇਸ ਨਾਲ ਜਨਰਲ ਵਰਗ ਦੇ ਲੋਕਾਂ ਵਿੱਚ ਇਨਸਾਫ ਪ੍ਰਤੀ ਇੱਕ ਬਹੁਤ ਵੱਡੀ ਉਮੀਦ ਜਾਗੀ ਸੀ। ਇਸ ਤੋਂ ਪਹਿਲਾਂ ਜਨਰਲ ਵਰਗ ਦੇ ਲੋਕਾਂ ਦੀ ਭਲਾਈ/ਸੁਣਵਾਈ ਲਈ ਕੋਈ ਵਿਭਾਗ ਜਾਂ ਅਫਸਰ ਤੈਨਾਤ ਨਹੀਂ ਕੀਤਾ ਗਿਆ ਸੀ। ਤਤਕਾਲੀ ਸਰਕਾਰ ਵਲੋਂ ਇਸ ਕਮਿਸਨ ਨੂੰ ਸਥਾਪਿਤ ਕਰਦੇ ਹੋਏ ਸ਼੍ਰੀ ਨਵਜੋਤ ਸਿੰਘ ਦਾਹੀਆ ਨੂੰ ਕਮਿਸਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ ਅਤੇ ਉਹਨਾਂ ਵਲੋਂ ਬਤੌਰ ਚੇਅਰਪਰਸਨ ਜੁਆਇਨ ਕਰ ਲਿਆ ਗਿਆ ਸੀ। ਇਸ ਤੋਂ ਇਲਾਵਾ ਕਮਿਸ਼ਨ ਦੇ ਵਾਈਸ ਚੇਅਰਮੈਨ ਵਲੋਂ ਵੀ ਨਿਯੁਕਤੀ ਉਪਰੰਤ ਜੁਆਇਨ ਕੀਤਾ ਗਿਆ ਸੀ ਪਰੰਤੂ 2022 ਦੀਆਂ ਵਿਧਾਨ ਸਭਾ ਚੋਣਾ ਤੋਂ ਪਹਿਲਾਂ ਡਾ:ਦਾਹੀਆ ਵਲੋਂ ਬਤੌਰ ਐਮਐਲ ਏ ਚੋਣ ਲੜਨ ਲਈ ਅਸਤੀਫਾ ਦੇ ਦਿੱਤਾ ਸੀ। ਹੁਣ ਪੰਜਾਬ ਵਿਚ ਆਪ ਪਾਰਟੀ ਦੀ ਨਵੀਂ ਸਰਕਾਰ ਵਲੋਂ ਹਾਲੇ ਤੱਕ ਜਨਰਲ ਵਰਗ ਲਈ ਸਥਾਪਿਤ ਕਮਿਸਨ ਦਾ ਕੋਈ ਵੀ ਚੇਅਰਮੈਨ, ਵਾਈਸ ਚੇਅਰਮੈਨ ਅਤੇ ਮੈਂਬਰ ਨਹੀਂ ਲਗਾਇਆ ਗਿਆ ਜਿਸ ਕਾਰਨ ਜਨਰਲ ਵਰਗ ਦੇ ਲੋਕਾਂ ਨੂੰ ਆਪਣੀ ਸੁਣਵਾਈ ਲਈ ਕੋਈ ਵੀ ਰਸਤਾ ਨਜਰ ਨਹੀਂ ਆਉਂਦਾ। ਆਗੂਆਂ ਵਲੋਂ ਦੱਸਿਆ ਗਿਆ ਕਿ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਅਤੇ ਪੰਜਾਬ ਰਾਜ ਪਛੜੀਆਂ ਸ੍ਰੇਣੀਆਂ ਕਮਿਸਨ ਦਾ ਚੇਅਰਪਰਸ਼ਨ ਤੈਨਾਤ ਕੀਤੇ ਜਾ ਚੁੱਕੇ ਹਨ ਪ੍ਰੰਤੂ ਪੰਜਾਬ ਸਟੇਟ ਕਮਿਸ਼ਨ ਫਾਰ ਜਨਰਲ ਕੈਟਾਗਰੀ ਦਾ ਚੇਅਰਪਰਸ਼ਨ ਲਗਾਉਣ ਲਈ 3 ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਕੋਈ ਇਸਤਿਹਾਰ ਨਹੀਂ ਦਿੱਤਾ ਗਿਆ। ਜਨਰਲ ਵਰਗ ਦੇ ਲੋਕਾਂ ਨੂੰ ਆਪ ਸਰਕਾਰ ਤੋਂ ਬਹੁਤ ਹੀ ਜਿਆਦਾ ਉਮੀਦਾਂ ਸਨ ਪਰੰਤੂ ਅਜੇ ਤੱਕ ਜਨਰਲ ਵਰਗ ਦੀ ਭਲਾਈ ਲਈ ਸਥਾਪਿਤ ਕਮਿਸ਼ਨ ਦੇ ਚੇਅਰਮੈਨ, ਮੈਬਰਾਂ ਅਤੇ ਹੋਰ ਸਟਾਫ ਦੀਆਂ ਹਾਲੇ ਤੱਕ ਨਿਯੁਕਤੀਆਂ ਨਹੀਂ ਕੀਤੀਆਂ ਗਈਆਂ ਜਿਸ ਨਾਲ ਜਨਰਲ ਵਰਗ ਦੇ ਮੁਲਾਜਮਾਂ, ਵਪਾਰੀਆਂ, ਦੁਕਾਨਕਾਰਾਂ, ਕਿਸਾਨਾਂ ਅਤੇ ਵਿਦਿਆਰਥੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਹਨਾਂ ਆਗੂਆਂ ਵਲੋਂ ਇਹ ਵੀ ਮੰਗ ਕੀਤੀ ਗਈ ਕਿ ਜਨਰਲ ਕਮਿਸ਼ਨ ਨੂੰ ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ (ਰਿਜਰਵੇਸ਼ਨ ਸੈਲ), ਚੰਡੀਗੜ੍ਹ ਤੋਂ ਵੱਖਰੇ ਤੌਰ ਤੇ ਖੁਦ ਮੁਖਤਿਆਰ ਤੌਰ ਤੇ ਕੰਮ ਕਰਨ ਦੀ ਸ਼ਕਤੀ /ਪਾਵਰਾਂ ਪ੍ਰਦਾਨ ਕੀਤੀਆਂ ਜਾਣ ਜਾਂ ਫਿਰ ਜਨਰਲ ਕਮਿਸਨ ਸਿੱਧੇ ਤੌਰ ਤੇ ਪ੍ਰਸੋਨਲ ਵਿਭਾਗ ਦੇ ਅਧੀਨ ਲਗਾਇਆ ਜਾਵੇ ਤਾਂ ਜੋ ਜਨਰਲ ਵਰਗ ਦੇ ਲੋਕਾਂ ਦੀ ਯੋਗ ਸੁਣਵਾਈ ਤੇ ਪੂਰਾ ਇਨਸਾਫ ਮਿਲ ਸਕੇ। ਆਗੂਆਂ ਵਲੋਂ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਦੇ ਹੋਏ ਕਿਹਾ ਗਿਆ ਕਿ ਜੇਕਰ ਜਨਰਲ ਵਰਗ ਦਾ ਚੇਅਰਪਰਸਨ ਲਗਾਉਣ ਲਈ ਜਲਦੀ ਪ੍ਰੋਸੈਸ ਸ਼ੁਰੂ ਨਾ ਕੀਤਾ ਗਿਆ ਤਾਂ ਜਨਰਲ ਫੈਡਰੇਸ਼ਨ ਤਿੱਖਾ ਸੰਘਰਸ ਕਰਨ ਲਈ ਮਜਬੂਰ ਹੋਣਾ ਪਵੇਗਾ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਬਾਲ ਵਿਆਹ ਵਿਰੁੱਧ ਜਾਗਰੂਕਤਾ ਸੈਮੀਨਾਰ ਆਯੋਜਿਤ



ਸਨੌਰ 18 ਜਨਵਰੀ (ਚ.ਨ.ਸ.) ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਅਤੇ ਮਾਣਯੋਗ ਅਮਨਦੀਪ ਕੰਬੋਜ ਚੀਫ਼ ਜੁਡੀਸ਼ਲ ਮੈਜਿਸਟਰੇਟ ਕਮ ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਮਿਲੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਜ਼ਿਲ੍ਹਾ ਸਾਂਝ ਕੇਂਦਰ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬਾਲ ਵਿਆਹ ਮੁਕਤ ਭਾਰਤ ਅਭਿਆਨ ਦੇ ਤਹਿਤ ਇੱਕ ਬਾਲ ਵਿਆਹ ਵਿਰੋਧੀ ਜਾਗਰੂਕਤਾ ਸੈਮੀਨਾਰ ਐਸ.ਆਰ ਆਰੀਆ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ।

ਸੈਮੀਨਾਰ ਵਿੱਚ ਉੱਘੇ ਸਮਾਜਸੇਵੀ ਤੇ ਮੋਟੀਵੇਸਨਲ ਸਪੀਕਰ ਭਗਵਾਨ ਦਾਸ ਗੁਪਤਾ, ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਮੁਫ਼ਤ ਕਾਨੂੰਨੀ ਸੇਵਾਵਾਂ, ਤਿੰਨ ਨਵੇਂ ਕਨੂੰਨਾਂ, ਪੰਜਾਬ ਪੀੜਤ ਮੁਆਵਜ਼ਾ ਯੋਜਨਾ, ਜਿਨਸੀ ਹਮਲਾ ਪੀੜਤ ਮੁਆਵਜਾ, ਲੇਬਰ ਕਾਰਡ, ਪੈਨਸ਼ਨਾਂ ਆਦਿ, ਬਾਲ ਵਿਆਹ, ਪੋਕਸੋ ਐਕਟ, ਟੋਲ ਫ੍ਰੀ ਨੰਬਰ 15100, ਨੈਸ਼ਨਲ ਲੋਕ ਅਦਾਲਤ ਅਤੇ ਸਥਾਈ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ।

ਸਕੂਲ ਦੇ ਪ੍ਰਿੰਸੀਪਲ ਪ੍ਰਦੀਪ ਬਾਂਸਲ ਨੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਬਾਲ ਵਿਆਹ ਤੇ ਸਾਈਬਰ ਸੁਰੱਖਿਆ ਪ੍ਰਤੀ ਜਾਗਰੂਕ ਹੋਣ ਦੀ ਅਪੀਲ ਵੀ ਕੀਤੀ। ਓਹਨਾਂ ਨੇ ਵਾਤਾਵਰਨ ਦੀ ਰੱਖਿਆ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਹੋਰਨਾਂ ਤੋ ਸੰਜੀਵ ਕੁਮਾਰ, ਐਚ.ਪੀ.ਸਿੰਘ, ਰਿਤੂ ਦੀਵਾਨ, ਗੀਤਿਕਾ ਮਲਹੋਤਰਾ ਭਾਵਨਾ ਰੋਹਿਲਾ ਇਲਾਵਾ ਸਮੂੰਹ ਸਕੂਲ ਸਟਾਫ ਵਿਦਿਆਰਥੀ ਵੀ ਹਾਜ਼ਰ ਸਨ।

## ਅਵਿਕਰਮਜੀਤ ਸਿੰਘ ਦੀ ਬੇਵਕਤੀ ਮੌਤ 'ਤੇ ਗਰੁੜ ਪੁਰਾਣ ਦੇ ਭੋਗ ਪਾਏ

ਘਨੌਰ, 18 ਜਨਵਰੀ (ਮਦਨ ਲਾਲ): ਬਚਿੱਤਰ ਸਿੰਘ ਅਸ਼ਟਾਮ ਫਰੋਸ਼ ਦੇ ਲੜਕੇ ਅਵਿਕਰਮਜੀਤ ਸਿੰਘ ਦੀ ਬੇਵਕਤੀ ਮੌਤ 'ਤੇ ਪਰਿਵਾਰ ਵੱਲੋਂ ਆਤਮਿਕ ਸ਼ਾਂਤੀ ਲਈ ਗਰੁੜ ਪੁਰਾਣ ਦੇ ਭੋਗ ਅਤੇ ਅੰਤਿਮ ਅਰਦਾਸ ਕਰਵਾਈ ਗਈ। ਇਸ ਦੁੱਖਦਾਇਕ ਮੌਕੇ 'ਤੇ ਵੱਡੀ ਗਿਣਤੀ ਵਿੱਚ ਸਿਆਸੀ, ਸਮਾਜਿਕ ਸ਼ਖ਼ਸੀਅਤਾਂ, ਰਿਸ਼ਤੇਦਾਰਾਂ, ਦੋਸਤਾਂ ਅਤੇ ਪੱਤਰਕਾਰ ਭਾਈਚਾਰੇ ਨੇ ਸ਼ਮੂਲੀਅਤ ਕਰਕੇ ਪਰਿਵਾਰ ਨਾਲ ਡੂੰਘਾ ਦੁੱਖ ਸਾਂਝਾ ਕੀਤਾ। ਇਸ ਮੌਕੇ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਉਪ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ, ਪੀਆਰਟੀਸੀ ਦੇ ਉਪ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ ਸਮੇਤ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ ਅਤੇ ਮ੍ਰਿਤਕ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ।

## ਪਿੰਡ ਬਿਸਨਗੜ੍ਹ ਵਿਖੇ,ਜਾਗਦੇ ਰਹੋ ਕਲੱਬ ਨੇ ਧੀਆਂ ਦੀ 26ਵੀਂ ਲੋਹੜੀ ਮਨਾਈ



ਸਨੌਰ 18 ਜਨਵਰੀ (ਗੁਰਜੀਤ ਸਿੰਘ ਢੋਟ): ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸਨਗੜ੍ਹ ਸੰਬੰਧਿਤ ਨਹਿਰੂ ਯੁਵਾ ਕੇਂਦਰ ਪਟਿਆਲਾ (ਭਾਰਤ ਸਰਕਾਰ) ਨੇ ਨੂਨਗਰ ਸਮਾਜ ਪੰਜਾਬ ਦੇ ਸਹਿਯੋਗ ਨਾਲ ਪਿੰਡ ਬਿਸਨਗੜ੍ਹ ਵਿਖੇ, ਹਰ ਸਾਲ ਦੀ ਤਰ੍ਹਾਂ ਧੀਆਂ ਦੀ 26ਵੀਂ ਲੋਹੜੀ ਮਨਾਈ ਗਈ। ਜਿਸ ਵਿੱਚ ਸਕੂਲ ਦੇ ਬੱਚਿਆਂ ਨੂੰ ਕਾਪੀਆਂ, ਪੈੱਨ, ਮੂੰਗਫਲੀ, ਗੱਜਕ, ਅਤੇ ਰੇਵੜੀਆਂ ਵੰਡ ਕੇ ਸਕੂਲ ਦੇ ਅਧਿਆਪਕਾਂ ਨਾਲ ਮਨਾਈ ਗਈ। ਜਿਕਰਯੋਗ ਹੈ, ਕਿ ਸਭ ਤੋਂ ਪਹਿਲਾਂ ਪੰਜਾਬ ਵਿੱਚ ਸੰਨ 2000 ਵਿੱਚ ਪਿੰਡ ਬਿਸਨਗੜ੍ਹ ਪਟਿਆਲਾ ਵਿਖੇ, ਧੀਆਂ ਦੀ ਲੋਹੜੀ ਦੀ ਸ਼ੁਰੂਆਤ ਕੀਤੀ ਗਈ ਸੀ। ਇਸ ਮੌਕੇ ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ ਨੇ ਕਿਹਾ ਕਿ ਧੀਆਂ ਮੁੰਡਿਆਂ ਨਾਲੋਂ ਹਰ ਇੱਕ ਕੰਮ ਵਿੱਚ ਮੋਹਰੀ ਹਨ, ਚਾਹੇ ਪੜ੍ਹਾਈ ਹੋਵੇ, ਖੇਡਾਂ ਹੋਣ, ਅਤੇ ਹੋਰ ਕੰਮ। ਕਲੱਬ ਵੱਲੋਂ ਲਗਾਤਾਰ ਧੀਆਂ ਦੀ 26ਵੀਂ ਲੋਹੜੀ ਮਨਾਉਣਾ, ਭਰੂਣ ਹੱਤਿਆ ਨੂੰ ਰੋਕਣਾ, ਨਸਿਆਂ ਨੂੰ ਰੋਕਣਾ, ਬੂਟੇ ਲਗਾਉਣਾ, ਗਰੀਬ ਬੱਚਿਆਂ ਨੂੰ ਸਟੇਸ਼ਨਰੀ ਵੰਡਣਾ, ਲੋੜਵੰਦ ਮਰੀਜ਼ਾਂ ਦੇ ਅੱਖਾਂ ਦੇ ਲੈਂਨਜ਼ ਵਾਲੇ ਫਰੀ ਆਪ੍ਰੇਸ਼ਨ ਕਰਵਾਉਣਾ, ਗਰੀਬ ਲੜਕੀਆਂ ਦੇ ਵਿਆਹ ਵਿੱਚ ਮੱਦਦ ਕਰਨਾ, ਖੂਨਦਾਨ ਕੈਂਪ ਲਗਾਉਣਾ, ਮੈਡੀਕਲ ਕੈਂਪ ਲਗਾਉਣਾ ਅਤੇ ਗਰੀਬ ਬੱਚਿਆਂ ਦੀ ਖੇਡਾਂ ਵਿੱਚ ਆਰਥਿਕ ਮੱਦਦ ਕਰਨਾ ਆਦਿ ਵੱਖ-ਵੱਖ ਕਾਰਜ ਕਰਨਾ ਬਹੁਤ ਮਾਣ ਵਾਲੀ ਅਤੇ ਸਲਾਘਾਯੋਗ ਕੰਮ ਹਨ। ਇਸ ਮੌਕੇ ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਪੰਚ ਅਵਤਾਰ ਸਿੰਘ, ਪੰਚ ਰਵੀ ਸਿੰਘ, ਪੰਚ ਰਾਜਵੀਰ ਸਿੰਘ, ਰਵਿੰਦਰ ਸਿੰਘ ਦੜ੍ਹੂਆ ਚੰਡੀਗੜ੍ਹ, ਨਿਰਮਲ ਕੌਰ, ਸੁਮਨਜੀਤ ਕੌਰ, ਮਾਇਆ ਦੇਵੀ, ਬਲਵਿੰਦਰ ਸਿੰਘ, ਪੂਨਮ ਦੇਵੀ, ਪ੍ਰੀਤੀ ਖਾਸਪੁਰ ਬਨੂੜ, ਜਾਗਦੇ ਰਹੋ ਸਿੰਘ, ਅਤੇ ਹਰਕ੍ਰਿਸ਼ਨ ਸਿੰਘ ਸੁਰਜੀਤ ਆਦਿ ਹਾਜ਼ਰ ਸੀ।



# ਪਟਿਆਲਾ-ਆਸ/ਪਾਸ



## ‘ਪੇਪਰਾਂ ਦੇ ਦਿਨਾਂ ਵਿੱਚ ਹਜ਼ਾਰਾਂ ਅਧਿਆਪਕ ਸਕੂਲੋਂ ਬਾਹਰ ਕੱਢੇ- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ’



ਸਨੌਰ, 18 (ਗੁਰਜੀਤ ਸਿੰਘ ਢੋਟ) : ਸਿੱਖਿਆ ਕ੍ਰਾਂਤੀ ਦਾ ਨਾਅਰਾ ਲੈ ਕੇ ਬਣੀ ਪੰਜਾਬ ਸਰਕਾਰ ਸਿੱਖਿਆ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਜਾਪਦੀ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਹੋਇਆਂ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਜਸਵਿੰਦਰ ਸਿੰਘ ਸਮਾਣਾ ਤੇ ਸਕੱਤਰ ਪਰਮਜੀਤ ਸਿੰਘ ਪਟਿਆਲਾ ਨੇ ਦੱਸਿਆ ਕਿ ਸਿੱਖਿਆ ਪ੍ਰਤੀ ਪੰਜਾਬ ਸਰਕਾਰ ਦਾ ਦੋਗਲਾ ਚਿਹਰਾ ਨੰਗਾ ਹੋ ਚੁੱਕਿਆ ਹੈ ਉਹਨਾਂ ਕਿਹਾ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਪੇਪਰਾਂ ਦੇ ਦਿਨਾਂ ਦੌਰਾਨ ਅਧਿਆਪਕਾਂ ਨੂੰ ਸਕੂਲੋਂ ਬਾਹਰ ਕੱਢਿਆ ਗਿਆ ਹੈ ਉਹਨਾਂ ਕਿਹਾ ਕਿ ਪੇਪਰਾਂ ਦੇ ਦਿਨਾਂ ਵਿੱਚ ਸੈਮੀਨਾਰ ਲਗਾਉਣਾ ਬਹੁਤ ਗਲਤ ਹੈ। ਉਹਨਾਂ ਕਿਹਾ ਕਿ ਬੋਰਡ ਦੀਆਂ ਕਲਾਸਾਂ ਦੇ ਪ੍ਰੀ ਬੋਰਡ ਪੇਪਰ ਪੰਜਾਬ ਭਰ ਦੇ ਸਕੂਲਾਂ ਵਿੱਚ ਹੋਰ ਰਹੇ ਹਨ। ਪੰਜਵੀਂ ਜਮਾਤ ਦੇ ਪ੍ਰੀ ਬੋਰਡ ਦੇ ਪੇਪਰ 22 ਜਨਵਰੀ ਤੋਂ ਸ਼ੁਰੂ ਹੋਣੇ ਹਨ ਇਸ ਦੌਰਾਨ ਸਰਕਾਰ ਨੇ 20 ਜਨਵਰੀ ਤੋਂ ਲੈ ਕੇ ਅਧਿਆਪਕਾਂ ਦੇ ਸੈਮੀਨਾਰ ਵੱਡੇ ਗਿਣਤੀ ਵਿੱਚ ਲਗਾਣੇ ਸ਼ੁਰੂ ਕਰਨ ਦੇ ਆਦੇਸ਼ ਦੇ ਦਿੱਤੇ ਹਨ। ਜੋ ਕਿ ਬਹੁਤ ਨਿੰਦਨਯੋਗ ਹੈ। ਪੇਪਰਾਂ ਦੇ ਦਿਨਾਂ ਦੌਰਾਨ ਅਧਿਆਪਕਾਂ ਦਾ ਸਕੂਲਾਂ ਵਿੱਚ ਰਹਿਣਾ ਬਹੁਤ ਜਰੂਰੀ ਹੈ। ਪਰ ਸਰਕਾਰ ਸਿੱਖਿਆ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਜਾਪਦੀ। ਸਰਕਾਰ ਵੱਲੋਂ ਸਿੱਖਿਆ ਪ੍ਰਤੀ ਆਪਣੇ ਆਪ ਨੂੰ ਗੰਭੀਰ ਦੱਸਣਾ,ਹੁਣ ਸਰਕਾਰ ਦਾ ਰਵਈਆ ਲੋਕਾਂ ਸਾਹਮਣੇ ਬਿਲਕੁਲ ਨੰਗਾ ਹੋ ਚੁੱਕਿਆ ਹੈ। ਆਗੂਆਂ ਨੇ ਮੰਗ ਕੀਤੀ ਕਿ ਇਹ ਸੈਮੀਨਾਰ ਪੇਪਰਾਂ ਦੇ ਦਿਨਾਂ ਦੌਰਾਨ ਬਿਲਕੁਲ ਵੀ ਨਾ ਲਗਾਏ ਜਾਣ। ਇਸ ਸਮੇਂ ਕਮਲ ਨੈਨ, ਦੀਦਾਰ ਸਿੰਘ ਪਟਿਆਲਾ, ਹਿੰਮਤ ਸਿੰਘ ਖੋਖ, ਜਗਪ੍ਰੀਤ ਸਿੰਘ ਭਾਟੀਆ, ਹਰਪ੍ਰੀਤ ਸਿੰਘ ਉੱਪਲ, ਹਰਦੀਪ ਸਿੰਘ ਪਟਿਆਲਾ,ਵਿਕਾਸ ਸਹਿਗਲ, ਜਸਵਿੰਦਰ ਪਾਲ ਸ਼ਰਮਾ ਨਾਭਾ, ਗੁਰਪ੍ਰੀਤ ਸਿੰਘ ਸਿੱਧੂ ,ਗੁਰਵਿੰਦਰ ਸਿੰਘ ਖੰਗੂੜਾ,ਭੀਮ ਸਿੰਘ ਸਮਾਣਾ, ਹਰਵਿੰਦਰ ਸਿੰਘ ਖੱਟੜਾ , ਰਜਿੰਦਰ ਜਵੰਦਾ, ਮਨਦੀਪ ਕਾਲੇਕੇ, ਗੁਰਵਿੰਦਰ ਸਿੰਘ ਜਨਹੇੜੀਆਂ, ਨਿਰਭੈ ਸਿੰਘ ਘਨੌਰ, ਟਹਿਬੀਰ ਸਿੰਘ, ਸਪਿੰਦਰਜੀਤ ਸ਼ਰਮਾ ਧਨੇਠਾ, ਰਾਜਿੰਦਰ ਸਿੰਘ ਰਾਜਪੁਰਾ, ਡਾ. ਬਲਜਿੰਦਰ ਸਿੰਘ ਪਠੋਣੀਆ, ਬੱਬਣ ਭਾਦਸੋਂ, ਸ਼ਿਵਪ੍ਰੀਤ ਸਿੰਘ ਪਟਿਆਲਾ ਸਾਥੀ ਹਾਜ਼ਰ ਸਨ ।

## ਪਟਿਆਲਾ ਤੋਂ ਅੰਬਾਲਾ ਮੇਨ ਸੜਕ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ : ਬਘੌਰਾ



ਘਨੌਰ 18 ਜਨਵਰੀ (ਮਦਨ ਲਾਲ) ਪਟਿਆਲਾ ਤੋਂ ਅੰਬਾਲਾ ਚੌਰਾ ਚਪੜ ਬਗੌਰਾ ਕੌਮੀ ਕਲਾਂ ਜੰਡ ਬੰਗਾਲੀ ਨੂੰ ਹੁੰਦੀ ਹੋਈ ਇਹ ਸੜਕ ਨੂੰ ਕੰਪਲੀਟ ਨਹੀਂ ਕੀਤਾ ਗਿਆ ਇਸਦੀ ਜਾਣਕਾਰੀ ਸਾਂਝੀ ਕਰਦੇ ਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਭਾਰਤੀ ਕਿਸਾਨ ਓਥਾਨ ਮਜ਼ਦੂਰ ਯੂਨੀਅਨ ਪੰਜਾਬ ਨੇ ਪ੍ਰੈਸ ਨਾਲ ਸਾਜੀ ਕਰਦਿਆਂ ਕਿਹਾ ਇਸ ਸੜਕ ਸੰਨ 1947 ਵੇਲੇ ਜਦੋਂ ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਦੀਆਂ ਜ਼ਮੀਨਾਂ ਦੀ ਤਕਸੀਮ ਹੋਈ ਸੀ ਉਸ ਤਕਸੀਮ ਵਿੱਚ ਇਸ ਜਰਨੈਲੀ ਸੜਕ ਨੂੰ ਪਟਿਆਲਾ ਤੋਂ ਅੰਬਾਲਾ ਤੱਕ ਜਿੰਨੇ ਵੀ ਪਿੰਡ ਇਸ ਸੜਕ ਦੇ ਨਾਲ ਲੱਗਦੇ ਸਨ ਉਨ੍ਹਾਂ ਪਿੰਡਾਂ ਦੀਆਂ ਜ਼ਮੀਨਾਂ ਦੇ ਨਕਸ਼ੇ ਮੁਤਾਬਿਕ ਇਸ ਸੜਕ ਜਿਸ ਨੂੰ ਇੱਕ ਆਰਮੀ ਫੌਜ ਵਾਸਤੇ ਪਟਿਆਲਾ ਤੋਂ ਅੰਬਾਲਾ ਦੇ ਆਰਮੀ ਫੌਜ ਵਾਸਤੇ ਇਸ ਸੜਕ ਨੂੰ ਨਕਸ਼ੇ ਮੁਤਾਬਿਕ ਹਰ ਇੱਕ ਪਿੰਡ ਵਿੱਚ ਇਸ ਸੜਕ ਦੇ ਖਸਰਾ ਨੰਬਰ ਹਨ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਜਿਵੇਂ ਪਿੰਡਾਂ ਦੀ ਮਲਕੀਅਤ ਜ਼ਮੀਨ ਦੇ ਖਸਰਾ ਨੰਬਰ ਉਸੇ ਤਰ੍ਹਾਂ ਇਸ ਸੜਕ ਦੇ ਖਸਰਾ ਨੰਬਰ ਜਿਵੇਂ ਕਿ ਪਿੰਡ ਬਘੌਰਾ ਦੇ ਪਿੰਡ ਦੀ ਜ਼ਮੀਨ ਵਿੱਚ ਇਹ ਸੜਨ ਆਪਣੇ ਖਸਰਾ ਨੰਬਰ 491 ਨਾਲ ਜਾਣੀਂ ਜਾਂਦੀ ਹੈ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਇਸ ਸੜਕ ਸੈਂਟਰ ਗੌਰਮਿੰਟ ਦੇ ਪ੍ਰਧਾਨ ਮੰਤਰੀ ਯੋਜਨਾ ਤਹਿਤ ਬਣਾਉਣ ਲਈ ਕੇਂਦਰ ਸਰਕਾਰ ਦੇ ਬਜ਼ਟ ਵਿੱਚ ਆਉਂਦੀ ਹੈ ਉਨ੍ਹਾਂ ਕਿਹਾ ਇਸ ਸੜਕ ਜਿਸ ਦਾ ਕੁਲ 8 ਕਿਲੋਮੀਟਰ ਦਾ ਟੰਟਾ ਪਿਛਲੇ ਕਈ ਸਾਲਾਂ ਤੋਂ ਕੰਪਲੀਟ ਨਹੀਂ ਕੀਤਾ ਗਿਆ ਅਤੇ ਜੋਂ ਇਸ ਸੜਕ ਪਟਿਆਲਾ ਤੋਂ ਚੌਰਾ ਚਾਪੜ ਸ਼ੇਖੂਪੁਰਾ ਬਘੌਰਾ ਕਾਮੀ ਕਲਾ ਤੱਕ ਕਮਲੀਟ ਕੀਤਾ ਗਿਆ ਹੈ ਪਰੰਤੂ ਹੁਣ ਇਸ ਦੀ ਹਾਲਤ ਖ਼ਸਤਾ ਹੋ ਗਈ ਹੈ ਇਸ ਵਿੱਚ ਬਹੁਤ ਡੂੰਘੇ ਖੱਡੇ ਪੈ ਚੁੱਕੇ ਹਨ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਨਾਂਮ ਤੇ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਪੱਤਰ ਸੌਂਪਦੇ ਹੋਏ ਕਿਹਾ ਇਸ ਦਾ 8 ਕਿਲੋਮੀਟਰ ਦਾ ਲਿੰਕ ਕੰਪਲੀਟ ਕੀਤਾ ਜਾਵੇ ਅਤੇ ਪਟਿਆਲਾ ਤੋਂ ਕਾਮੀ ਕਲਾ ਤੱਕ ਜੋਂ ਸੜਕ ਟੁਟ ਚੁੱਕੀ ਹੈ ਇਸ ਦੀ ਰਿਪੇਅਰ ਕਾਰਵਾਈ ਜਾਵੇ ਅਖੀਰ ਵਿੱਚ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਇਸ ਸੜਕ ਕੰਪਲੀਟ ਹੋਂਣ ਨਾਲ ਜੋਂ ਅਵਾਜਾਈ ਪਟਿਆਲਾ ਤੋਂ ਅੰਬਾਲਾ ਵਾਇਆ ਰਾਜਪੁਰਾ ਨੂੰ ਜਾਂਦੀ ਹੈ ਇਸ ਸੜਕ ਦੇ ਕੰਪਲੀਟ ਹੋਂਣ ਨਾਲ ਘੱਟੋ ਘੱਟ 18 ਕਿਲੋਮੀਟਰ ਦੀ ਦੂਰੀ ਪਟਿਆਲਾ ਤੋਂ ਅੰਬਾਲਾ ਦੀ ਘਟ ਹੋ ਜਾਵੇਗੀ

## ਭਾਰਤੀ ਕਿਸਾਨ-ਮਜ਼ਦੂਰ ਯੂਨੀਅਨ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇਂ ਖਤਾਨਾਂ ਵਿੱਚ ਸੁੱਟੀਆਂ ਗਣੇਸ਼ ਜੀ ਦੀਆਂ ਮੂਰਤੀਆਂ ਜਲ ਪ੍ਰਵਾਹ ਕਰਵਾਈਆਂ



ਰਾਜਪੁਰਾ, 18 ਜਨਵਰੀ (ਸੰਜੀਵ ਕੁਮਾਰ): ਰਾਜਪੁਰਾ ਪਟਿਆਲਾ ਰੋਡ ਉੱਤੇ ਖਤਾਨਾਂ ਵਿੱਚ ਸੁੱਟੀਆਂ ਸ੍ਰੀ ਗਣੇਸ਼ ਜੀ ਦੀਆਂ ਮੂਰਤੀਆਂ ਦੀ ਹੋ ਰਹੀ ਬੇਅਦਬੀ ਦਾ ਮਾਮਲਾ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ (ਪੰਜਾਬ) ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਬੂਟਾ ਸਿੰਘ ਖਰਾਜਪੁਰ ਵੱਲੋਂ ਐਸਡੀਐਮ ਰਾਜਪੁਰਾ ਦੇ ਧਿਆਨ ਵਿੱਚ ਲਿਆਉਣ ਤੋਂ ਬਾਅਦ ਮੂਰਤੀਆਂ ਨੂੰ ਵਿਸ਼ਵ ਹਿੰਦੂ ਪਰਿਸ਼ਦ ਦੇ ਮੈਂਬਰਾਂ ਅਤੇ ਨਗਰ ਕੌਂਸਲ ਰਾਜਪੁਰਾ ਸਹਿਯੋਗ ਦੇ ਨਾਲ ਮੂਰਤੀਆਂ ਨੂੰ ਗੰਡਿਆਂ ਖੇੜੀ ਨਹਿਰ ਵਿੱਚ ਜਲ ਪ੍ਰਵਾਹ ਕਰਵਾਇਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ (ਪੰਜਾਬ) ਦੇ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਬੂਟਾ ਸਿੰਘ ਖਰਾਜਪੁਰ ਨੇ ਦੱਸਿਆ ਕਿ ਜਦੋਂ ਹੋਰ ਰਾਜਪੁਰਾ ਪਟਿਆਲਾ ਰੋਡ ਉੱਤੇ ਜਾ ਰਹੇ ਸਨ ਤਾਂ ਸੜਕ ਕਿਨਾਰੇ ਖਤਾਨਾਂ ਦੇ ਵਿੱਚ ਸ੍ਰੀ ਗਣੇਸ਼ ਜੀ ਦੀਆਂ ਤਿੰਨ ਦਰਜ਼ਨ ਤੋਂ ਵੱਧ ਮੂਰਤੀਆਂ ਸੁੱਟੀਆਂ ਹੋਈਆਂ ਸਨ ਅਤੇ ਉਹਨਾਂ ਦੇ ਦੁਆਲੇ ਘੁੰਮ ਰਹੇ ਅਵਾਰਾ ਪਸ਼ੂ ਦੇ ਕੁੱਤਿਆਂ ਦੇ ਕਾਰਨ ਮੂਰਤੀਆਂ ਦੀ ਬੇਅਦਬੀ ਹੋ ਰਹੀ ਸੀ, ਜਿਸ ਤੋਂ ਬਾਅਦ ਉਹਨਾਂ ਵੱਲੋਂ ਵਿਸ਼ਵ ਹਿੰਦੂ ਪਰਿਸ਼ਦ ਬਜਰੰਗ ਦਲ ਤੋਂ ਹਿਮਾਂਸ਼ੂ ਕਮਲ ਜ਼ਿਲ੍ਹਾ ਮੰਤਰੀ, ਨਰੇਸ਼ ਸ਼ਰਮਾ ਜਿਲ੍ਹਾ ਪ੍ਰਧਾਨ, ਪਰਵੀਨ ਮੁਖੇਜਾ ਰਾਜਪੁਰਾ ਪ੍ਰਧਾਨ, ਸੰਨੀ ਲਾਂਬਾ ਮੀਤ ਪ੍ਰਧਾਨ ਰਾਜਪੁਰਾ, ਰਕੇਸ਼ ਅਤੇ ਪੂਰੀ ਬਜਰੰਗ ਦਲ ਦੇ ਟੀਮ ਦੇ ਨਾਲ ਮੌਕੇ ਦਾ ਦੌਰਾ ਕਰਵਾ ਕੇ ਸਾਰੀ ਰਿਪੋਰਟ ਐਸਡੀਐਮ ਰਾਜਪੁਰਾ ਨੂੰ ਸੌਂਪੀ ਗਈ। ਜਿਸ ਤੋਂ ਬਾਅਦ ਐਸਡੀਐਮ ਰਾਜਪੁਰਾ ਵੱਲੋਂ ਐਕਸ਼ਨ ਲੈਂਦਿਆਂ ਹੋਇਆਂ ਨਗਰ ਕੌਂਸਲ ਰਾਜਪੁਰਾ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਮੂਰਤੀਆਂ ਜਲ ਪ੍ਰਵਾਹ ਕਰਵਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ, ਜਿਸ ਤੋਂ ਬਾਅਦ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ, ਵਿਸ਼ਵ ਹਿੰਦੂ ਪਰਿਸ਼ਦ ਬਜਰੰਗ ਦਲ ਰਾਜਪੁਰਾ ਅਤੇ ਨਗਰ ਕੌਂਸਲ ਰਾਜਪੁਰਾ ਦੀ ਟੀਮ ਵੱਲੋਂ ਖਤਾਨਾਂ ਵਿੱਚ ਸੁੱਟੀਆਂ ਹੋਈਆਂ ਮੂਰਤੀਆਂ ਨੂੰ ਚੁੱਕ ਕੇ ਨੇੜਲੀ ਗੰਡਿਆ ਖੇੜੀ ਭਾਖੜਾ ਨਰਵਾਣਾ ਬਰਾਂਚ ਨਹਿਰ ਦੇ ਵਿੱਚ ਜਲ ਪ੍ਰਵਾਹ ਕਰਵਾਇਆ ਗਿਆ। ਐਸਡੀਐਮ ਰਾਜਪੁਰਾ ਨਮਨ ਮਰਕਨ ਵੱਲੋਂ ਮੂਰਤੀਆਂ ਤਿਆਰ ਕਰਨ ਵਾਲੇ ਮੂਰਤੀਕਾਰਾਂ ਜਿਹੜੇ ਕਿ ਦੂਜਿਆਂ ਸੂਬਿਆਂ ਤੋਂ ਆ ਕੇ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਬਣਾਉਂਦੇ ਹਨ ਨੂੰ ਹਦਾਇਤ ਕੀਤੀ ਗਈ ਕਿ ਉਹ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਜਿਹੜੀਆਂ ਮੂਰਤੀਆਂ ਵਿਕਣ ਤੋਂ ਰਹਿ ਜਾਂਦੀਆਂ ਹਨ ਨੂੰ ਖਤਾਨਾਂ ਵਿੱਚ ਸੁੱਟਣ ਦੀ ਥਾਂ ਕੱਪੜੇ ਵਿੱਚ ਕਵਰ ਕਰਕੇ ਸਾਫ ਸੁਥਰੀ ਥਾਂ ਉੱਤੇ ਰੱਖਣ, ਤਾਂ ਜੋ ਉਹਨਾਂ ਵੱਲੋਂ ਵਰਤੀ ਗਈ ਅਣਗਹਿਲੀ ਦੇ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ। ਇਸ ਮੌਕੇ ਕਿਸਾਨ ਆਗੂ ਬੂਟਾ ਸਿੰਘ ਰਾਜਪੁਰ ਅਤੇ ਵਿਸ਼ਵ ਹਿੰਦੂ ਪਰਿਸ਼ਦ ਤੇ ਬਜਰੰਗ ਦਲ ਦੀ ਟੀਮ ਵੱਲੋਂ ਐਸਡੀਐਮ ਰਾਜਪੁਰਾ ਅਤੇ ਨਗਰ ਕੌਂਸਲ ਰਾਜਪੁਰਾ ਦੀ ਟੀਮ ਦਾ ਦਿੱਤੇ ਗਏ ਸਹਿਯੋਗ ਬਦਲੇ ਧੰਨਵਾਦ ਕੀਤਾ।

## ਨਵੀਂ ਭਰਤੀ ਕਰਨ ਦੀ ਬਜਾਏ,ਆਰਜੀ ਪ੍ਰਬੰਧ ਲਗਾ ਕੇ ਸਾਰਨਾ, ਕੱਢ ਰਿਹਾ ਹੈ ਸਿੱਖਿਆ ਕ੍ਰਾਂਤੀ ਦੀ ਫੂਕ : ਜੀਟੀਯੂ ਪੰਜਾਬ



ਦੇਵੀਗੜ੍ਹ 18 ਜਨਵਰੀ (ਗੁਰਜੀਤ ਸਿੰਘ ਢੋਟ) : ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਇਕਾਈ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਜਸਵਿੰਦਰ ਸਿੰਘ ਸਮਾਣਾ , ਜਨਰਲ ਸਕੱਤਰ ਪਰਮਜੀਤ ਸਿੰਘ ਪਟਿਆਲਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਡਾਇਰੈਕਟਰ ਸਕੂਲ ਸਿੱਖਿਆ ਐਲੀਮੈਂਟਰੀ ਸਿੱਖਿਆ ਵੱਲੋਂ ਪੰਜਾਬ ਭਰ ਦੇ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਪੱਤਰ ਜਾਰੀ ਕਰਕੇ ਅਧਿਆਪਕਾਂ ਦੀ ਕਮੀ ਵਾਲੇ ਸਕੂਲਾਂ ਵਿੱਚ ਆਰਜੀ ਪ੍ਰਬੰਧ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ ਇਸ ਦੇ ਪ੍ਰਤੀਕਰਮ ਦਿੰਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨਵੀਂ ਭਰਤੀ ਕਰਨ ਦੀ ਬਜਾਏ ਆਰਜੀ ਪ੍ਰਬੰਧ ਲਗਾ ਕੇ ਬੁੱਤਾ ਸਾਰ ਰਹੀ ਹੈ ਜੋ ਕਿ ਸਿੱਖਿਆ ਕ੍ਰਾਂਤੀ ਦੀ ਫੂਕ ਕੱਢ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਪੱਤਰ ਅਨੁਸਾਰ 20 ਬੱਚਿਆਂ ਵਾਲੇ ਸਕੂਲ ਨੂੰ ਸਿੰਗਲ ਟੀਚਰ ਸਕੂਲ ਕੀਤਾ ਜਾ ਰਿਹਾ ਹੈ ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਸਕੂਲਾਂ ਵਿੱਚ ਬੱਚੇ ਹੋਰ ਘਟਣਗੇ ਤੇ ਇਹ ਸਕੂਲ ਬੰਦ ਹੋਣ ਦੀ ਕਗਾਰ ਤੇ ਖੜ੍ਹੇ ਹੋ ਜਾਣਗੇ।ਸਕੂਲਾਂ ਨੂੰ ਸਿੰਗਲ ਟੀਚਰ ਸਕੂਲ ਕਰਨਾ ਸਰਕਾਰ ਦਾ ਸਕੂਲਾਂ ਨੂੰ ਬਰਬਾਦ ਕਰਨ ਦੀ ਲੁਕਵੀ ਮਨਸ਼ਾ ਉਜਾਗਰ ਕਰਦੀ ਹੈ ਜਦੋਂ ਕਿ ਸਰਕਾਰ ਨੂੰ ਜਮਾਤ ਵਾਈਜ਼ ਟੀਚਰ ਦੇਣੇ ਚਾਹੀਦੇ ਹਨ।ਇਸ ਸਮੇਂ ਕਮਲ ਨੈਨ, ਦੀਦਾਰ ਸਿੰਘ ਪਟਿਆਲਾ, ਹਿੰਮਤ ਸਿੰਘ ਖੋਖ, ਜਗਪ੍ਰੀਤ ਸਿੰਘ ਭਾਟੀਆ, ਹਰਪ੍ਰੀਤ ਸਿੰਘ ਉੱਪਲ, ਹਰਦੀਪ ਸਿੰਘ ਪਟਿਆਲਾ,ਵਿਕਾਸ ਸਹਿਗਲ, ਜਸਵਿੰਦਰ ਪਾਲ ਸ਼ਰਮਾ ਨਾਭਾ, ਗੁਰਪ੍ਰੀਤ ਸਿੰਘ ਸਿੱਧੂ , ਗੁਰਵਿੰਦਰ ਸਿੰਘ ਖੰਗੂੜਾ,ਭੀਮ ਸਿੰਘ ਸਮਾਣਾ, ਹਰਵਿੰਦਰ ਸਿੰਘ ਖੱਟੜਾ , ਰਜਿੰਦਰ ਜਵੰਦਾ, ਮਨਦੀਪ ਕਾਲੇਕੇ, ਗੁਰਵਿੰਦਰ ਸਿੰਘ ਜਨਹੇੜੀਆਂ, ਨਿਰਭੈ ਸਿੰਘ ਘਨੌਰ, ਟਹਿਬੀਰ ਸਿੰਘ, ਸਪਿੰਦਰਜੀਤ ਸ਼ਰਮਾ ਧਨੇਠਾ, ਰਾਜਿੰਦਰ ਸਿੰਘ ਰਾਜਪੁਰਾ, ਡਾ. ਬਲਜਿੰਦਰ ਸਿੰਘ ਪਠੋਣੀਆ, ਬੱਬਣ ਭਾਦਸੋਂ, ਸ਼ਿਵਪ੍ਰੀਤ ਸਿੰਘ ਪਟਿਆਲਾ ਸਾਥੀ ਹਾਜ਼ਰ ਰਹੇ।

## ਤਿਉਹਾਰ ਪਿਆਰ ਤੇ ਸਾਂਝ ਦੀਆਂ ਤੰਦਾਂ ਨੂੰ ਮਜਬੂਤ ਕਰਨ ’ਚ ਸਹਾਈ ਹੁੰਦੇ ਨੇ: -ਹਰਲੀਨ ਮੋਹਾਲੀ



ਨਾਭਾ, 18 ਜਨਵਰੀ ( ਬਲਜਿੰਦਰ ਮਾਨ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਸੌਜਾ ਵਿਖੇ ਸਮਾਜ ਸੇਵਾ ਚ ਮੋਹਰੀ ਸੰਸਥਾ ਦੀ ਨਵੀਂ ਰਾਹ ਫਾਊਂਡੇਸ਼ਨ ਵੱਲੋਂ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਲੋਹੜੀ ਧੀਆਂ ਦੀ ਦਾ ਪਵਿੱਤਰ ਤਿਉਹਾਰ ਰਵਾਇਤੀ ਉਤਸਾਹ ਤੇ ਸੱਭਿਆਚਾਰਕ ਮਰਿਆਦਾ ਨਾਲ ਮਨਾਇਆ। ਸਮਾਗਮ ਦੀ ਸ਼ੁਰੂਆਤ ਅੱਗ ਬਾਲ ਕੇ ਕੀਤੀ ਗਈ। ਦੀ ਨਵੀਂ ਰਾਹ ਫਾਊਂਡੇਸ਼ਨ ਦੇ ਸੰਸਥਾਪਕ ਹਰਲੀਨ ਕੌਰ ਮੋਹਾਲੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਪਿੰਡ ਵਾਸੀਆਂ, ਪੰਚਾਇਤ ਅਤੇ ਇਲਾਕੇ ਦੀਆਂ ਸਤਿਕਾਰਯੋਗ ਸ਼ਖਸ਼ੀਅਤਾਂ ਨਾਲ ਲੋਹੜੀ ਦੀ ਖੁਸ਼ੀ ਸਾਂਝੀ ਕੀਤੀ ਅਤੇ ਮਾਣ ਸਨਮਾਨ ਦੇਣ ਲਈ ਪਿੰਡ ਦੇ ਸਰਪੰਚ ਅਤੇ ਸਮੁੱਚੀ ਪੰਚਾਇਤ ਅਤੇ ਅਹੁਦੇਦਾਰਾਂ ਦਾ ਦਿਲੋਂ ਧੰਨਵਾਦ ਕੀਤਾ। ਪ੍ਰਬੰਧਕਾਂ ਤੇ ਐਨਜੀਓ ਵੱਲੋਂ ਇਕ ਸਾਲ ਦੀਆਂ ਨਨੀਆਂ ਮੁੰਨੀਆਂ ਬੱਚੀਆਂ ਨੂੰ ਖਾਣ ਪੀਣ ਤੋਂ ਇਲਾਵਾ ਬੇਬੀ ਕਿੱਟਾਂ ਅਤੇ ਤਿੰਨ ਸਾਲ ਤੇ ਚਾਰ ਸਾਲ ਦੇ ਬੱਚਿਆਂ ਨੂੰ ਸਟੇਸ਼ਨਰੀ ਕਿੱਟਾਂ ਦੇ ਕੇ ਸਨਮਾਨਿਤ ਕੀਤਾ ਗਿਆ। ਹਰਲੀਨ ਕੌਰ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਾਰੇ ਤਿਉਹਾਰ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ ਕਿਉਂਕਿ ਇਸ ਨਾਲ ਆਪਸੀ ਭਾਈਚਾਰਕ ਸਾਂਝ ਵੱਧਦੀ ਹੈ। ਉਨਾ ਗੱਲਬਾਤ ਕਰਦਿਆਂ ਕਿਹਾ ਕਿ ਤਿਉਹਾਰ ਪਿਆਰ ਤੇ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਸਹਾਈ ਹੁੰਦੇ ਹਨ। ਹਰਲੀਨ ਨੇ ਕਿਹਾ ਕਿ ਲੋਹੜੀ ਦੇ ਤਿਉਹਾਰ ਉੱਤੇ ਪਤੰਗਾਂ ਉਡਾਉਣ ਵਾਲੇ ਬੱਚਿਆਂ ਤੇ ਨੌਜਵਾਨਾਂ ਨੂੰ ਚਾਈਨਾ ਜਿਸ ਨੂੰ ਖੂਨੀ ਡੋਰ ਵੀ ਕਿਹਾ ਜਾਂਦਾ ਹੈ ਦੀ ਵਰਤੋਂ ਕਰਨ ਤੋਂ ਗੁਰੇਜ ਕਰਨ ਲਈ ਪ੍ਰੇਰਿਤ ਕੀਤਾ ਕਿਉਂਕਿ ਇਸ ਡੋਰ ਦੀ ਲਪੇਟ ਚ ਆਉਣ ਨਾਲ ਹਰ ਸਾਲ ਰਾਹਗੀਰਾਂ ਤੇ ਅਸਮਾਨ ਚ ਉੱਡ ਰਹੇ ਪੰਛੀਆਂ ਦਾ ਭਾਰੀ ਨੁਕਸਾਨ ਹੁੰਦਾ ਹੈ। ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਪੰਜਾਬ ਸਰਕਾਰ ਦੀ ਬਚਨਵਦਤਾ ਨੂੰ ਦੁਹਰਾਉਂਦਿਆਂ ਹਰਲੀਨ ਕੌਰ ਨੇ ਹਾਜ਼ਰੀਨ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਵੀ ਕੀਤਾ। ਉਨਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਮਕਸਦ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਨੂੰ ਵੀ ਭਰਮਾਂ ਹੁੰਗਾਰਾ ਮਿਲ ਰਿਹਾ ਹੈ। ਉਨਾ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਆਪਣੇ ਨੌਜਵਾਨ ਬੱਚਿਆਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਖੁਦ ਪ੍ਰੇਰਿਤ ਕਰੋ। ਹਰਲੀਨ ਮੋਹਾਲੀ ਨੇ ਕਿਹਾ ਕਿ ਸਾਨੂੰ ਲੜਕੀਆਂ ਦੀ ਵੀ ਲੋਹੜੀ ਮਨਾਉਣੀ ਚਾਹੀਦੀ ਹੈ ਕਿਉਂਕਿ ਔਰਤ ਤੋਂ ਬਿਨਾਂ ਸਮਾਜ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਔਰਤ ਹੀ ਪੀੜੀ ਨੂੰ ਅੱਗੇ ਚਲਾਉਣ ਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਮੌਕੇ ਦੀ ਨਵੀਂ ਰਾਹ ਫਾਊਂਡੇਸ਼ਨ ਦੇ ਸਮੂਹ ਮੈਂਬਰ,ਪ੍ਰਬੰਧਕ, ਇਲਾਕਾ ਵਾਸੀ, ਬੱਚੇ ਅਤੇ ਉਨਾਂ ਦੇ ਮਾਤਾ ਪਿਤਾ ਹਾਜ਼ਰ ਰਹੇ।

## ਜੀਬੀਪੀ ਏਰੀਆ ਦੀਆਂ ਸੋਸਾਇਟੀਆਂ ਵਿੱਚ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਆਮ ਆਦਮੀ ਪਾਰਟੀ ਵੱਲੋਂ ਵਾਰਡ ਮੀਟਿੰਗ ਆਯੋਜਿਤ



ਡੇਰਾਬੱਸੀ, 18 ਜਨਵਰੀ (ਮਨਦੀਪ ਵਰਮਾ/ਯੋਗੇਸ਼ ਰਾਣਾ) : ਡੇਰਾਬੱਸੀ ਖੇਤਰ ਦੇ ਜੀਬੀਪੀ ਇਲਾਕੇ ਵਿੱਚ ਸਥਿਤ ਵੱਖ-ਵੱਖ ਰਿਹਾਇਸ਼ੀ ਸੋਸਾਇਟੀਆਂ ਵਿੱਚ ਆਮ ਸਹੂਲਤਾਂ ਅਤੇ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਦੇ ਉਦੇਸ਼ ਨਾਲ ਆਮ ਆਦਮੀ ਪਾਰਟੀ ਵੱਲੋਂ ਜੀਬੀਪੀ ਇਕੋ ਗ੍ਰੀਨ ਵਨ ਵਿਖੇ ਇੱਕ ਮਹੱਤਵਪੂਰਨ ਵਾਰਡ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਹ ਮੀਟਿੰਗ ਸਥਾਨਕ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਦੀ ਰਹਿਨੁਮਾਈ ਅਤੇ ਨਗਰ ਪਾਲਿਕਾ ਪ੍ਰਧਾਨ ਸ਼੍ਰੀਮਤੀ ਆਸ਼ੂ ਉਪਨੇਜਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਸ਼੍ਰੀ ਅਜੇ ਕੁਮਾਰ ਦੀ ਅਗਵਾਈ ਵਿੱਚ ਸੰਪੰਨ ਹੋਈ।ਮੀਟਿੰਗ ਦਾ ਮੁੱਖ ਮਕਸਦ ਵੱਖ-ਵੱਖ ਸੋਸਾਇਟੀਆਂ ਵਿੱਚ ਲੰਮੇ ਸਮੇਂ ’ਤੋਂ ਲਟਕ ਰਹੀਆਂ ਸਮੱਸਿਆਵਾਂ ਦੀ ਸਮੀਖਿਆ ਕਰਨਾ, ਹੁਣ ਤੱਕ ਕੀਤੇ ਗਏ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣਾ ਅਤੇ ਭਵਿੱਖ ਦੀਆਂ ਵਿਕਾਸ ਤਰਜੀਹਾਂ ਨੂੰ ਨਿਰਧਾਰਤ ਕਰਨਾ ਸੀ। ਇਸ ਮੌਕੇ ਵੱਡੀ ਗਿਣਤੀ ਵਿੱਚ ਰਿਹਾਇਸ਼ੀ ਭਲਾਈ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕਰਦਿਆਂ ਆਪਣੇ-ਆਪਣੇ ਖੇਤਰਾਂ ਨਾਲ ਸੰਬੰਧਿਤ ਸਮੱਸਿਆਵਾਂ, ਲੋੜਾਂ ਅਤੇ ਸੁਝਾਅ ਵਿਸਥਾਰ ਨਾਲ ਰੱਖੇ ਮੀਟਿੰਗ ਵਿੱਚ ਜੀਬੀਪੀ ਇਕੋ ਗ੍ਰੀਨ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਅਸ਼ੋਕ ਕੁਮਾਰ ਜਿੰਦਲ, ਜੀਬੀਪੀ ਰਿਵਰਸਾਈਡ/ਰੋਜ਼ ਵੈਲੀ ਸੋਸਾਇਟੀ ਦੇ ਪ੍ਰਧਾਨ ਸ਼੍ਰੀ ਰਵੀ ਸ਼ਰਮਾ, ਇਕੋ ਹੋਮਜ਼ ਵਨ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਸੁਰੇਸ਼ ਕੁਮਾਰ, ਜੀਬੀਪੀ ਇਕੋ ਹੋਮਜ਼ ਟੂ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਡਾ. ਐਨ. ਡੀ. ਸ਼ਰਮਾ ‘ਦੇਵਸ਼ਾਲੀ’, ਉਪ-ਪ੍ਰਧਾਨ ਅਤੇ ਜਨਰਲ ਸਕੱਤਰ ਸ਼੍ਰੀ ਘਨਸ਼ਿਆਮ ਵਰਮਾ, ਸੁਖਨਾ ਐਨਕਲੇਵ ਤੋਂ ਸ਼੍ਰੀ ਹੇਮਰਾਜ ਅਤੇ ਸ਼੍ਰੀ ਬਿਹਾਰੀ ਲਾਲ ਨੌਟਿਆਲ, ਜੀਬੀਪੀ ਸੁਪੀਰੀਆ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਦੇ ਮੈਂਬਰ, ਸੁਖਨਾ ਐਨਕਲੇਵ ਸੋਸਾਇਟੀ ਦੇ ਮੈਂਬਰ, ਹੋਰ ਅਹੁਦੇਦਾਰ ਅਤੇ ਵੱਖ-ਵੱਖ ਸੋਸਾਇਟੀਆਂ ਦੇ ਵਾਸੀਆਂ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਪਾਣੀ ਦੀ ਉਪਲਬਧਤਾ, ਸਫਾਈ ਵਿਵਸਥਾ, ਸੜਕਾਂ ਅਤੇ ਸਟਰੀਟ ਲਾਈਟਾਂ, ਸੀਵਰੇਜ ਪ੍ਰਣਾਲੀ, ਸੁਰੱਖਿਆ, ਪਾਰਕਾਂ ਦੀ ਸੰਭਾਲ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਜੁੜੀਆਂ ਸਮੱਸਿਆਵਾਂ ‘ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਨਿਵਾਸੀਆਂ ਨੇ ਦੱਸਿਆ ਕਿ ਕਈ ਸਮੱਸਿਆਵਾਂ ਲੰਮੇ ਸਮੇਂ ਤੋਂ ਬਕਾਇਆ ਹਨ, ਜਿਨ੍ਹਾਂ ਦਾ ਹੱਲ ਹੋਣ ਨਾਲ ਇਲਾਕੇ ਦੇ ਹਜ਼ਾਰਾਂ ਪਰਿਵਾਰਾਂ ਨੂੰ ਰਾਹਤ ਮਿਲੇਗੀ।

## ਰੁਪਿੰਦਰ ਜਿੰਦਲ ਬਣੇ ਬਲਾਕ ਅਮਲੋਹ ਦੇ ਕੋਆਰਡੀਨੇਟਰ

ਅਮਲੋਹ, 18 ਜਨਵਰੀ (ਜਸਵੰਤ ਸਿੰਘ):ਪੰਜਾਬ ਸਰਕਾਰ ਵੱਲੋਂ ਅਮਲੋਹ ਨਿਵਾਸੀ ਸ੍ਰੀ ਰੁਪਿੰਦਰ ਜਿੰਦਲ ਨੂੰ ਪੰਜਾਬ ਰਾਜ ਵਪਾਰਕ ਕਮਿਸ਼ਨ ਦਾ ਬਲਾਕ ਅਮਲੋਹ ਦਾ ਕੋਆਰਡੀਨੇਟਰ ਬਣਾਇਆ ਗਿਆ ਹੈ। ਇੱਥੇ ਇਹ ਵਰਨਣਯੋਗ ਹੈ ਕਿ ਸ੍ਰੀ ਜਿੰਦਲ ਦੀ ਆਮ ਆਦਮੀ ਪਾਰਟੀ ਪ੍ਰਤੀ ਪਿਛਲੇ ਸਮੇਂ ਵਿਚ ਨਿਭਾਈਆਂ ਸਾਨਦਾਰ ਸੇਵਾਵਾਂ ਨੂੰ ਵੇਖਦੇ ਹੋਏ ਪਾਰਟੀ ਹਾਈ ਕਮਾਂਡ ਨੇ ਇਹ ਫ਼ੈਸਲਾ ਕੀਤਾ ਹੈ। ਇਸ ਨਿਯੁਕਤੀ ਨਾਲ ਅਮਲੋਹ ਸ਼ਹਿਰ ਅਤੇ ਇਲਾਕੇ ਦੇ ਵਪਾਰੀ ਵਰਗ ਅਤੇ ਧਾਰਮਿਕ ਸੰਗਠਨਾਂ ਵਿਚ ਖੁਸ਼ੀ ਦੀ ਲਹਿਰ ਹੈ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਬੰਧੀ ਬੀਬੀ ਆਤਿਸ਼ੀ ਵੱਲੋਂ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਅਤਿ-ਨਿੰਦਣਯੋਗ : ਭੁੱਲਰ

ਸਨੌਰ, 18 ਜਨਵਰੀ (ਗੁਰਜੀਤ ਸਿੰਘ ਢੋਟ) : ਆਮ ਆਦਮੀ ਪਾਰਟੀ ਦੀ ਆਗੂ ਅਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਬੀਬੀ ਆਤਿਸ਼ੀ ਵੱਲੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸਬੰਧੀ ਵਰਤੇ ਗਏ ਅਪਮਾਨਜਨਕ ਸ਼ਬਦਾਂ ਦੀ ਸਖ਼ਤ ਸ਼ਬਦਾਂ ‘ਚ ਨਿੰਦਾ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕੌਮੀ ਐਗਜੈਕਟਿਵ ਮੈਂਬਰ ਜਥੇਦਾਰ ਬਲਕਾਰ ਸਿੰਘ ਭੁੱਲਰ ਨੇ ਕਿਹਾ ਕਿ ਅਜਿਹੀ ਬਜਰ ਗੁਸਤਾਖੀ ਲਈ ਬੀਬੀ ਆਤਿਸ਼ੀ ਮੁਆਫ਼ ਨਹੀਂ ਕੀਤਾ ਜਾ ਸਕਦਾ। ‘ਆਪ’ ਦੇ ਇਹ ਅਮਲ ਪੰਜਾਬ ਸੂਬੇ ਤੇ ਸਿੱਖ ਕੌਮ ਪ੍ਰਤੀ ਸੋਚ ਨੂੰ ਪ੍ਰਤੱਖ ਕਰਦੇ ਹਨ। ਉਨ੍ਹਾਂ ਮੰਗ ਕੀਤੀ ਕਿ ਆਤਿਸ਼ੀ ਵਿਰੁੱਧ ਫੌਰੀ ਕਾਨੂੰਨੀ ਕਾਰਵਾਈ ਕੀਤੀ ਜਾਵੇ, ਤਾਂਕਿ ਸਿੱਖ ਕੌਮ ਵਿਚ ਉਠਿਆ ਰੋਹ ਸ਼ਾਂਤ ਹੋ ਸਕੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਮੁੱਖੀ ਸ੍ਰੀ ਅਰਵਿੰਦ

ਕੇਜਰੀਵਾਲ ਸਮੇਤ ਪਾਰਟੀ ਦੇ ਆਗੂ ਸ੍ਰੀ ਸਿਸੋਦੀਆ, ਰਾਘਵ ਚੱਡਾ, ਸੰਜੇ ਸਿੰਘ ਅਤੇ ਹੋਰ ਪੰਜਾਬ ਦੇ ਖਜਾਨੇ ਦੀ ਵੱਡੇ ਪੱਧਰ ‘ਤੇ ਲੁੱਟ/ਖਸੁੱਟ ਕਰ ਰਹੇ ਹਨ, ਉਥੇ ਸਰਕਾਰ ਦੇ ਹੋਰ ਸਾਧਨਾ ਦੀ ਵੀ ਬੇ-ਕਿਰਕੀ ਦੇ ਨਾਲ ਦੁਰਵਰਤੋਂ ਕਰ ਰਹੇ ਹਨ ਅਤੇ ਮੰਤਰੀਆਂ ਦੀ ਕੋਠੀਆਂ ‘ਤੇ ‘ਤੇ ਵੀ ਕਬਜੇ ਕੀਤੇ ਹੋਏ ਹਨ।